MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan

SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St., Vancouver

ਕੈਨੇਡਾ ਪੰਜਾਬ ਲਿੰਕ
WEEKLY NEWSPAPER VOL. : 11 ISSUE : 45 SATURDAY, 04 NOVEMBER, 2023
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੌਨ ਮੈਡੀਕਲ ਇੰਸ਼ੋਰੈਂਸ

ਜਸਵੀਰ ਗਰੇਵਾਲ
778.317.6262
jasvirgrewal0596@gmail.com

# ਬੀਸੀ ਸਰਕਾਰ ਵਲੋਂ ਹਾਊਸਿੰਗ ਸੰਕਟ ਘਟਾਉਣ ਦੇ ਉਦੇਸ਼ ਨਾਲ ਬਿੱਲ ਪੇਸ਼

ਵਿਕਟੋਰੀਆ-ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ ਛੋਟੇ ਪੈਮਾਨੇ ਤੇ ਬਹੁ-ਯੂਨਿਟ ਘਰਾਂ ਦੇ ਵਿਕਾਸ ਨੂੰ ਉਤਸ਼ਾਹਿਤ ਕਰਕੇ ਹਾਊਸਿੰਗ ਸੰਕਟ ਘੱਟ ਕਰਨ ਦੇ ਉਦੇਸ਼ ਨਾਲ ਇਕ ਬਿੱਲ ਪੇਸ਼ ਕੀਤਾ ਹੈ। ਨਵੇਂ ਕਾਨੂੰਨ ਤਹਿਤ ਸਥਾਨਕ ਸਰਕਾਰਾਂ ਨੂੰ ਸਿੰਗਲ-ਫੈਮਿਲੀ ਡਿਟੈਚਡ ਘਰਾਂ ਲਈ ਵਰਤੇ ਜਾਂਦੇ ਪਲਾਟਾਂ 'ਤੇ ਬਹੁ-ਯੂਨਿਟਾਂ ਵਾਲੀਆਂ ਇਮਾਰਤਾਂ ਦੀ ਇਜਾਜ਼ਤ ਦੇਣ ਲਈ ਜ਼ੋਨਿੰਗ ਬਾਈਲਾਅ ਨੂੰ ਅਪਡੇਟ ਕਰਨਾ ਪਵੇਗਾ। ਸ਼ਹਿਰਾਂ ਨੂੰ 280 ਵਰਗ ਮੀਟਰ ਆਕਾਰ ਵਾਲੇ ਪਲਾਟਾਂ 'ਤੇ ਘੱਟੋ ਘੱਟ ਤਿੰਨ ਯੂਨਿਟ ਉਸਾਰਨ ਦੀ ਇਜਾਜ਼ਤ ਹੋਵੇਗੀ ਜਦਕਿ ਵੱਡੇ ਪਲਾਟਾਂ 'ਤੇ ਘੱਟੋ ਘੱਟ ਚਾਰ ਯੂਨਿਟਾਂ ਦੀ ਇਜਾਜ਼ਤ ਹੋਵੇਗੀ ਅਤੇ ਟਰਾਂਜ਼ਿਟ ਸਟਾਪਾਂ ਦੇ ਨੇੜੇ ਪੈਂਦੇ ਵੱਡੇ ਪਲਾਟਾਂ ਵਿਚ ਘੱਟੋ ਘੱਟ 6 ਯੂਨਿਟ ਉਸਾਰਨ ਦੀ ਇਜਾਜ਼ਤ ਹੋਵੇਗੀ। ਹਾਊਸਿੰਗ ਮੰਤਰੀ ਰਵੀ ਕਾਹਲੋਂ ਨੇ ਕਿਹਾ ਕਿ ਇਹ ਕਾਨੂੰਨ 5000 ਤੋਂ ਵੱਧ ਆਬਾਦੀ ਵਾਲੀਆਂ ਸ਼ਹਿਰੀ ਕੰਟੇਨਮੈਂਟ ਸੀਮਾਵਾਂ ਅਤੇ ਮਿਉਂਸਪਲਟੀਜ਼ ਵਿਚ ਲਾਗੂ ਹੋਵੇਗਾ ਪਰ ਇਸ ਵਿਚ ਵੈਨਕੂਵਰ ਸ਼ਾਮਿਲ ਨਹੀਂ ਕਿਉਂਕਿ ਸ਼ਹਿਰ ਇਕ ਵੱਖਰੀ ਪ੍ਰਣਾਲੀ ਤਹਿਤ ਕੰਮ ਕਰਦਾ ਹੈ। ਬਿੱਲ ਪੇਸ਼ ਕਰਨ ਪਿੱਛੋਂ ਕਾਹਲੋਂ ਨੇ ਇਕ ਪ੍ਰੈਸ ਕਾਨਫ਼ਰੰਸ ਵਿਚ ਦੱਸਿਆ ਕਿ ਹੁਣ ਵੈਨਕੂਵਰ ਸ਼ਹਿਰ ਦਾ ਕੰਮ ਚਲ ਰਿਹਾ ਹੈ ਅਤੇ ਮੇਰੀ ਆਸ ਹੈ ਕਿ ਨਵੇਂ ਸਾਲ ਦੀ ਬਸੰਤ ਵਿਚ ਸਾਡੇ ਕੋਲ ਇਕ ਅਜਿਹਾ ਕਾਨੂੰਨ ਹੋਵੇਗਾ ਜੋ ਵੈਨਕੂਵਰ ਦੇ ਚਾਰਟਰ ਨੂੰ ਨੇੜਿਓਂ ਇਕਸਾਰ ਕਰੇਗਾ ਅਤੇ ਸਾਡਾ ਵਿਸ਼ਵਾਸ਼ ਹੈ ਕਿ ਇਹ ਸਾਰੀਆਂ ਮਿਉਂਸਪਲਟੀਜ਼ ਲਈ ਅੱਗੇ ਦਾ ਰਸਤਾ ਹੈ। ਵੈਨਕੂਵਰ ਕੌਂਸਲ ਨੇ ਬਾਈਲਾਅ ਵਿਚ ਤਬਦੀਲੀਆਂ ਨੂੰ ਪ੍ਰਵਾਨਗੀ ਦੇ ਕੇ ਨੇਬਰਹੁੱਡਸ ਵਿਚ ਬਹੁ-ਯੂਨਿਟਾਂ ਵਾਲੇ ਘਰਾਂ ਦੀ ਉਸਾਰੀ ਦੀ ਇਜਾਜ਼ਤ ਦੇ ਦਿੱਤੀ ਹੈ ਜਿਥੇ ਇਸ ਤੋਂ ਪਹਿਲਾਂ ਪੱਤਝੜ ਵਿਚ ਕੇਵਲ ਸਿੰਗਲ-ਫੈਮਿਲੀ ਘਰ ਬਣਾਉਣ ਦੀ ਇਜਾਜ਼ਤ ਸੀ। ਇਸੇ ਤਰ੍ਹਾਂ ਦੀਆਂ ਨੀਤੀਆਂ ਵਿਕਟੋਰੀਆ, ਕੇਲੋਵਨਾ ਅਤੇ ਕਿੰਬਰਲੇ ਵਿਚ ਲਾਗੂ ਕੀਤੀਆਂ ਗਈਆਂ ਹਨ। ਪ੍ਰੀਮੀਅਰ ਡੇਵਿਡ ਏਬੀ ਨੇ ਇਕ ਬਿਆਨ ਵਿਚ ਕਿਹਾ ਕਿ ਸਮਾਂ ਵਹਾਅ ਚੁੱਕੇ ਜ਼ੋਨਿੰਗ ਨਿਯਮ ਬੀਸੀ ਵਿਚ ਲੋਕਾਂ ਨੂੰ ਆਪਣੀ ਕਮਿਊਨਿਟੀਆਂ ਵਿਚ ਰਹਿਣ ਲਈ ਥਾਂ ਲੱਭਣਾ ਮੁਸ਼ਕਿਲ ਬਣਾ ਰਹੇ ਹਨ।



## ਬੀ.ਸੀ. ਦੇ ਚੋਣ ਸਰਵੇਖਣ 'ਚ ਐਨ.ਡੀ.ਪੀ. ਨੂੰ ਮਿਲੀ ਲੀਡ

ਵਿਕਟੋਰੀਆ-ਬ੍ਰਿਟਿਸ਼ ਕੋਲੰਬੀਆ ਦੀਆਂ ਅਗਲੀਆਂ ਚੋਣਾਂ ਦੀ ਸੰਭਾਵਤ ਤਾਰੀਕ ਤੋਂ ਲਗਪਗ ਇਕ ਸਾਲ ਪਹਿਲਾਂ ਕੀਤੇ ਚੋਣ ਸਰਵੇਖਣ ਵਿਚ ਨਿਊ ਡੈਮੋਕਰੈਟ ਨੇ ਤਸੱਲੀਬਖਸ਼ ਲੀਡ ਹਾਸਲ ਕੀਤੀ ਹੈ ਪਰ ਉਨ੍ਹਾਂ ਵਲੋਂ ਕਈ ਫਾਈਲਾਂ ਦੇ ਕੀਤੇ ਪ੍ਰਬੰਧਨ ਨੂੰ ਲੈ ਕੇ ਨਾਰਾਜ਼ਗੀ ਜ਼ਾਹਿਰ ਕੀਤੀ ਹੈ। ਐਂਗਸ ਰੀਡ ਇੰਸਟੀਚਿਊਟ ਵਲੋਂ ਹਾਲ ਹੀ ਵਿਚ ਜਾਰੀ ਸਰਵੇਖਣ ਵਿਚ ਪਾਇਆ ਗਿਆ ਕਿ ਫ਼ੈਸਲਾ ਲੈ ਚੁੱਕੇ ਤੇ ਝੁਕਾਅ ਵਾਲੇ 43 ਫ਼ੀਸਦੀ ਵੋਟਰ ਸੂਬਾ ਨਿਊ ਡੈਮੋਕਰੈਟਸ ਨੂੰ ਵੋਟ ਦੇਣਗੇ। ਪ੍ਰੀਮੀਅਰ ਡੇਵਿਡ ਏਬੀ ਨੂੰ ਪ੍ਰਵਾਨਗੀ ਦਰ 51 ਫ਼ੀਸਦੀ ਮਿਲੀ ਹੈ ਪਰ ਉਨ੍ਹਾਂ ਦੀ ਸਰਕਾਰ ਨੂੰ ਬੀਸੀ ਦੇ ਚੋਟੀ ਦੇ ਮੁੱਦਿਆਂ ਨੂੰ ਲੈ ਕੇ ਮਹੱਤਵਪੂਰਣ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਹੈ। ਰੈਜ਼ੀਡੈਂਟਸ ਨੇ ਆਪਣੀ ਤਰਜੀਹਾਂ ਵਜੋਂ ਰਹਿਣ ਸਹਿਣ ਦੀ ਲਾਗਤ, ਸਿਹਤ ਸੰਭਾਲ ਅਤੇ ਮਕਾਨ ਅਫੋਰਡਅਬਿਲਟੀ ਦੀ ਚੋਣ ਕੀਤੀ ਅਤੇ ਹਰੇਕ ਮੁੱਦੇ 'ਤੇ ਐਨਡੀਪੀ ਨੂੰ ਮਾੜੇ ਅੰਕ ਦਿੱਤੇ ਹਨ। 67 ਫ਼ੀਸਦੀ ਵੋਟਰਾਂ ਦਾ ਕਹਿਣਾ ਕਿ ਸੂਬਾ ਨਿਊ ਡੈਮੋਕਰੈਟਸ ਸਿਹਤ ਸੰਭਾਲ ਦੇ ਮਾਮਲੇ ਵਿਚ ਫਾਡੀ ਚਲ ਰਹੇ ਹਨ। ਪਾਰਟੀ ਦੀ ਰਹਿਣ ਸਹਿਣ ਦੀ ਲਾਗਤ (78 ਫ਼ੀਸਦੀ) ਅਤੇ ਹਾਊਸਿੰਗ ਅਫੋਰਡਅਬਿਲਟੀ (82) ਦੇ ਮਾਮਲੇ ਵਿਚ ਵੀ ਹਾਲਤ ਪਤਲੀ ਹੈ। ਮਕਾਨ ਉਸਾਰੀ ਮੰਤਰੀ ਤੇ ਹਾਊਸ ਲੀਡਰ ਰਵੀ ਕਾਹਲੋਂ ਵੀ ਮੰਨਦੇ ਹਨ ਕਿ ਸਾਨੂੰ ਪਤਾ ਹੈ ਕਿ ਲੋਕ ਔਖੇ ਸਮੇਂ ਵਿਚੋਂ ਲੰਘ ਰਹੇ ਹਨ। ਸਾਨੂੰ ਇਸ ਗੱਲ ਦਾ ਪਤਾ ਹੈ ਕਿ ਵਿਸ਼ਵ ਮਹਿੰਗਾਈ ਕਾਰਨ ਅਫੋਰਡਅਬਿਲਟੀ ਦੀਆਂ ਅਸਲ ਚੁਣੌਤੀਆਂ ਹਨ।

For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
Care Home Mobile Service | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
SEMCD
Gagan Chahal R.D.
Registered Denturist
778-600-0811 13117-67A Ave, Surrey, BC
778-600-0810 2644 Cyril St Abbotsford BC

ਇੰਸ਼ੋਰੈਂਸ ਦੇ ਮਾਹਰ
A INSURANCE
- ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

TRANSource FREIGHTWAYS
ਕੰਮ ਲਈ Drivers and Owner Operators ਚਾਹੀਦੇ ਹਨ।
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
BC - ALBERTA
ALBERTA - BC
Fuel and Insurance Paid by Company NO DEDUCTIONS!!
ਸਾਡੀ ਕੰਪਨੀ ਓਨਰ ਓਪਰੇਟਰਾਂ ਨੂੰ ਲੋਕਲ ਅਤੇ ਹਾਈਵੇਅ ਰੂਟਾਂ ਵਾਸਤੇ ਹਾਇਰ ਕਰ ਰਹੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH:604-525-0527 Ext 112
ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ
ਸ਼ਨੀਵਾਰ: 604-808-9805
Email:safety@transourcefreightways.com

mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਸੰਪਰਕ ਕਰੋ
- ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
- ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
- ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
Rate hold from 6 months to 1 year
Get Preapproval In 2 Hours
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
Licensed professional mortgage broker

APNA DENTAL CENTRE
UNIT 306-A, 8035 120 STREET
DELTA, BC V4C 6P8
Dr. Pran Nath Vashisht (Dentist)
TEL: 778-592-4400
apnadental.delta@gmail.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S|T &|A Simpson, Thomas and Associates

Get the legal support you need now.

Serving all of British Columbia

- Family Law
- Personal Injury
- Estate Litigation
- Employment Law
- Immigration Law
- Insurance Denials



We have translators fluent in Hindi and Punjabi.

Book your legal consultation

604 689 8888

simpsonthomas.com

Surrey Office
701 – 13761 96th Avenue
Surrey, BC V3V 0E8

Vancouver Office
501 – 808 Nelson Street
Vancouver, BC V6Z 2H2

Scan QR code to set up a legal consultation with us

Experienced lawyers for your legal needs.

@stalawyers

BBB ACCREDITED BUSINESS

ACCOUNTANT
axioaccounting.com
Personal & Corporate Tax Filing and other related services.
ਹਰ ਤਰ੍ਹਾਂ ਦੇ ਫਾਰਮ ਭਰਵਾਓ
#114-8028 128 St
(Little India Plaza)
Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 11 ISSUE : 44 SATURDAY, 04 NOVEMBER, 2023
www.punjablinkpaper.com 604-503-5465

ਰੇਡੀਓ ਪੰਜਾਬ ਹੁਣ AM 1600 ਅਤੇ 105.3 FM 'ਤੇ
ਰੇਡੀਓ ਪੰਜਾਬ Radio Punjab
ਤਿੰਨ ਰੰਗ
6pm to 9pm
B.C. Time
Every Weekend
Amarjit Singh
Studio: #300 12960 84AVE Surrey
Ph: 604 335 1313
www.radiopunjab.ca

# ਵਿਰੋਧੀ ਧਿਰਾਂ ਦੇ ਬਾਈਕਾਟ ਦਰਮਿਆਨ ਮੁੱਖ ਮੰਤਰੀ ਨੇ ਖੁਦ ਸੰਭਾਲੀ ਬਹਿਸ ਦੀ ਸਟੇਜ

## • ਐੱਸ ਵਾਈ ਐੱਲ ਲਈ ਕਾਂਗਰਸ ਤੇ ਅਕਾਲੀ ਦਲ ਜ਼ਿੰਮੇਵਾਰ-ਮਾਨ • 18 ਮਹੀਨਿਆਂ ਦਾ ਰਿਪੋਰਟ ਕਾਰਡ ਵੀ ਰੱਖਿਆ

ਲੁਧਿਆਣਾ (ਜਤਿੰਦਰ)-ਸੁਪਰੀਮ ਕੋਰਟ ਵਲੋਂ ਐਸ ਵਾਈ ਐਲ ਦੇ ਮੁੱਦੇ ਤੇ ਤਾਜਾ ਦਿਸ਼ਾ ਨਿਰਦੇਸ਼ਾਂ ਉਪਰੰਤ ਪੰਜਾਬ ਸਰਕਾਰ ਵਲੋਂ ਸੱਦੀ ਗਈ ਖੁੱਲੀ ਬਹਿਸ ਦਾ ਵਿਰੋਧੀ ਧਿਰਾਂ ਵਲੋਂ ਮੁਕੰਮਲ ਬਾਈਕਾਟ ਕੀਤਾ ਗਿਆ। ਇਸ ਬਾਈਕਾਟ ਦਰਮਿਆਨ ਮੁੱਖ ਮੰਤਰੀ ਮਾਨ ਨੇ ਬਹਿਸ ਦੀ ਸਟੇਜ ਖ਼ੁਦ ਸੰਭਾਲੀ ਤੇ ਵਿਰੋਧੀਆਂ ਉਪਰ ਤਾਬੜਤੋੜ ਹਮਲੇ ਕੀਤੇ। ਮੁੱਖ ਮੰਤਰੀ ਨੇ ਸਤਲੁਜ ਯਮੁਨਾ ਲਿੰਕ (ਐੱਸਵਾਈਐੱਲ) ਨਹਿਰ ਸਣੇ 19 ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਵਿਰੋਧੀ ਧਿਰਾਂ ਨੂੰ ਘੇਰਿਆ। ਉਨ੍ਹਾਂ ਐੱਸਵਾਈਐੱਲ ਬਣਵਾਉਣ ਤੋਂ ਲੈ ਕੇ ਅਦਾਲਤੀ ਕੇਸਾਂ ਲਈ ਸਿੱਧੇ ਤੌਰ 'ਤੇ ਕਾਂਗਰਸ ਤੇ ਅਕਾਲੀ ਦਲ ਨੂੰ ਜ਼ਿੰਮੇਵਾਰ ਦੱਸਿਆ। ਉਨ੍ਹਾਂ ਆਪਣੇ ਦਾਅਵਿਆਂ ਨੂੰ ਸਾਬਤ ਕਰਨ ਕਈ ਅਹਿਮ ਦਸਤਾਵੇਜ਼ ਪੇਸ਼ ਕੀਤੇ, ਜੋ ਪਿਛਲੀਆਂ ਸਰਕਾਰਾਂ ਨੇ ਪਹਿਲਾਂ ਕਦੇ ਜਨਤਕ ਨਹੀਂ ਕੀਤੇ। ਉਨ੍ਹਾਂ ਕਿਹਾ ਕਿ ਸੂਬਿਆਂ ਦਰਮਿਆਨ ਪਾਣੀਆਂ ਦੇ ਮਸਲੇ ਹੱਲ ਕਰਨ ਲਈ ਦੇਸ਼ ਭਰ ਵਿੱਚ 'ਅੰਤਰਰਾਜੀ ਦਰਿਆਈ ਪਾਣੀਆਂ ਵਿਵਾਦ ਐਕਟ-1956' ਲਾਗੂ ਹੈ, ਪਰ ਸਿਰਫ ਪੰਜਾਬ ਹੀ ਅਜਿਹਾ ਸੂਬਾ ਹੈ ਜਿੱਥੇ 'ਪੰਜਾਬ ਪੁਨਰਗਠਨ ਐਕਟ-1966' ਵਿੱਚ ਪੰਜਾਬ ਤੇ ਹਰਿਆਣਾ ਦਰਮਿਆਨ ਪਾਣੀ ਦੀ ਵੰਡ ਲਈ ਵੱਖਰੀ ਵਿਵਸਥਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਪੰਜਾਬ ਨਾਲ ਹਮੇਸ਼ਾ ਵਤਿਕਰਾ ਕੀਤਾ ਹੈ। ਪੰਜਾਬ ਤੇ ਕੇਂਦਰ ਦੀਆਂ ਪਿਛਲੀਆਂ ਸਰਕਾਰਾਂ ਨੇ ਅਜਿਹੇ ਫੈਸਲੇ ਲਏ, ਜੋ ਪੰਜਾਬ ਦੇ ਹਿੱਤਾਂ ਖਿਲਾਫ਼ ਸਨ। ਡੇਢ ਘੰਟੇ ਦੀ ਆਪਣੀ ਤਕਰੀਰ ਦੌਰਾਨ ਮੁੱਖ ਮੰਤਰੀ ਐੱਸਵਾਈਐੱਲ ਦੇ ਮੁੱਦੇ 'ਤੇ ਅੱਧਾ ਘੰਟਾ ਬੋਲੇ। ਬਾਕੀ ਸਮਾਂ ਉਨ੍ਹਾਂ ਆਪਣੀ ਸਰਕਾਰ ਦੇ 18 ਮਹੀਨਿਆਂ ਦਾ ਰਿਪੋਰਟ ਕਾਰਡ ਲੋਕਾਂ ਸਾਹਮਣੇ ਰੱਖਿਆ। ਯੂਨੀਵਰਸਿਟੀ ਦੇ ਡਾ. ਮਨਮੋਹਨ ਸਿੰਘ ਆਡੀਟੋਰੀਅਮ 'ਚ ਰੱਖੀ ਖੁੱਲ੍ਹੀ ਬਹਿਸ 'ਮੈਂ ਪੰਜਾਬ ਬੋਲਦਾ ਹਾਂ' ਵਿੱਚ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦਾ ਕੋਈ ਵੀ ਆਗੂ ਨਹੀਂ ਪੁੱਜਾ।




ਮੁੱਖ ਮੰਤਰੀ 'ਖੁੱਲ੍ਹੀ ਬਹਿਸ' ਵਿੱਚ ਨਿਰਧਾਰਤਿ ਸਮੇਂ ਮੁਤਾਬਕ 12 ਵਜੇ ਪੁੱਜ ਗਏ। ਸਟੇਜ 'ਤੇ ਮੁੱਖ ਮੰਤਰੀ ਭਗਵੰਤ ਮਾਨ ਸਣੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ, ਭਾਜਪਾ ਪ੍ਰਧਾਨ ਸੁਨੀਲ ਜਾਖੜ, ਕਾਂਗਰਸ ਪ੍ਰਧਾਨ ਅਮਰਿੰਦਰ ਰਾਜਾ ਵੜਿੰਗ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਲਈ ਕੁਰਸੀ ਲਗਾਈ ਗਈ ਸੀ। ਵਿਰੋਧੀ ਧਿਰਾਂ ਦੇ ਆਗੂਆਂ ਵੱਲੋਂ ਸਿਆਸੀ ਬਹਿਸ ਦਾ ਬਾਈਕਾਟ ਕੀਤੇ ਜਾਣ ਕਰਕੇ ਸਟੇਜ 'ਤੇ ਸਿਰਫ਼ ਇਕੱਲੇ ਮੁੱਖ ਮੰਤਰੀ ਭਗਵੰਤ ਮਾਨ ਹੀ ਬੈਠੇ। ਮੁੱਖ ਮੰਤਰੀ ਨੇ ਬਹਿਸ ਦੀ ਸ਼ੁਰੂਆਤ ਵਿੱਚ ਕਿਹਾ ਕਿ ਇਨ੍ਹਾਂ ਆਗੂਆਂ ਕੋਲ ਉਨ੍ਹਾਂ ਖ਼ਿਲਾਫ਼ ਕਹਿਣ ਲਈ ਕੁਝ ਨਹੀਂ ਸੀ, ਜਿਸ ਕਰਕੇ ਉਹ *(ਬਾਕੀ ਸਫ਼ਾ 7 'ਤੇ)*

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

WE NOW OFFER OVER 40 PROGRAMS
StudentAidBC
EDUCATION ASSISTANT $8000 — WAGES:$24-$28 PER HOUR
HEALTH CARE ASSISTANT $5250 — WAGES:$17-$26.50 PER HOUR
PHARMACY ASSISTANT $5500 — WAGES:$19.61-$27.30 PER HOUR
CERTIFIED DENTAL ASSISTANT $14,000 — WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੇਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਜਤਿੰਦਰ ਜੇ ਮਿਨਹਾਸ ਨੂੰ ਸਦਮਾ-ਚਾਚਾ ਕੁਲਵੰਤ ਸਿੰਘ ਮਿਨਹਾਸ ਦਾ ਦੇਹਾਂਤ



ਸਰੀ (ਹਰਦਮ ਮਾਨ)-ਸਰੀ ਦੇ ਸਭਿਅਚਾਰ, ਕਲਾ ਅਤੇ ਕਾਰੋਬਾਰੀ ਖੇਤਰ ਦੀ ਨਾਮਵਰ ਸ਼ਖ਼ਸੀਅਤ ਜਤਿੰਦਰ ਜੇ ਮਿਨਹਾਸ ਨੂੰ ਉਸ ਸਮੇਂ ਭਾਰੀ ਸਦਮਾ ਲੱਗਿਆ ਜਦੋਂ ਉਹਨਾਂ ਦੇ ਚਾਚਾ ਕੁਲਵੰਤ ਸਿੰਘ ਮਿਨਹਾਸ 28 ਅਕਤੂਬਰ 2023 ਨੂੰ ਸਦੀਵੀ ਵਿਛੋੜਾ ਦੇ ਗਏ। ਉਹ 81 ਸਾਲਾਂ ਦੇ ਸਨ ਅਤੇ ਪਿਛਲੇ 11 ਸਾਲਾਂ ਤੋਂ ਅਮਰੀਕਾ ਵਿਖੇ ਰਹਿ ਰਹੇ ਸਨ। ਸਵਰਗੀ ਕੁਲਵੰਤ ਸਿੰਘ ਮਿਨਹਾਸ ਰਿਟਾਇਰਡ ਬੀਡੀਪੀਓ ਅਤੇ ਬਹੁਤ ਹੀ ਹਰਮਨ ਪਿਆਰੇ ਅਤੇ ਈਮਾਨਦਾਰ ਇਨਸਾਨ ਸਨ। ਉਹਨਾਂ ਦਾ ਅੰਤਿਮ ਸੰਸਕਾਰ 4 ਨਵੰਬਰ 2023 ਨੂੰ ਸਵੇਰੇ 10.30 ਵਜੇ EE W Valley Hwy S., Auburn, WA (USA) ਵਿਖੇ ਹੋਵੇਗਾ ਅਤੇ ਅੰਤਿਮ ਅਰਦਾਸ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ BDD@ ACB Avenue SE Kent, WA (USA) ਵਿਖੇ ਹੋਵੇਗੀ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਨੰਬਰ 206-355-3263, 206-326-8820 ਅਤੇ ਜਤਿੰਦਰ ਜੇ ਮਿਨਹਾਸ ਨਾਲ ਫੋਨ ਨੰਬਰ 604-880-2228 ਉੱਪਰ ਸੰਪਰਕ ਕੀਤਾ ਜਾ ਸਕਦਾ ਹੈ।




# ਭਵਿੱਖ ਲਈ ਉਤਸ਼ਾਹਿਤ ਹਨ ਐਬਟਸਫੋਰਡ ਦੇ ਨਵੇਂ ਪੁਲਿਸ ਮੁਖੀ ਕੋਲਿਨ ਵੈਟਸਨ



ਐਬਟਸਫੋਰਡ-ਇਥੋਂ ਦੇ ਨਵੇਂ ਬਣ ਰਹੇ ਪੁਲਿਸ ਮੁਖੀ ਨੇ ਆਪਣੀ ਸਾਰੀ ਜਿੰਦਗੀ ਵਿਕਟੋਰੀਆ ਵਿਚ ਰਹਿੰਦਿਆਂ ਤੇ ਕੰਮ ਕਰਦਿਆਂ ਗੁਜ਼ਾਰੀ ਹੈ ਪਰ ਹੁਣ ਉਨ੍ਹਾਂ ਦਾ ਕਹਿਣਾ ਕਿ ਉਹ ਆਪਣੇ ਕੈਰੀਅਰ ਵਿਚ ਇਸ ਨਵੇਂ ਕਦਮ ਦੀ ਉਡੀਕ ਕਰ ਰਿਹਾ ਹੈ। ਕੋਲਿਨ ਵੈਟਸਨ ਨੇ ਕਿਹਾ ਕਿ ਉਹ ਆਸ ਕਰਦਾ ਹੈ ਕਿ ਉਹ ਉਸ ਤੋਂ ਪਹਿਲਾਂ ਰਹੇ ਪੁਲਿਸ ਮੁਖੀਆਂ ਦੀਆਂ ਸਾਰੀਆਂ ਸਫਲਤਾਵਾਂ ਅਤੇ ਐਬਟਸਫੋਰਡ ਪੁਲਿਸ ਵਿਭਾਗ ਦੇ ਜ਼ਬਰਦਸਤ ਕੰਮ ਨੂੰ ਜਾਰੀ ਰੱਖ ਸਕੇਗਾ। ਮੈਂ ਭਵਿੱਖ ਲਈ ਉਤਸ਼ਾਹਿਤ ਹਾਂ ਅਤੇ ਮੈਂ ਸੱਚਮੁੱਚ ਐਬਟਸਫੋਰਡ ਵਿਚ ਹਰ ਕਿਸੇ ਨਾਲ ਕੰਮ ਕਰਨ ਲਈ ਉਤਸ਼ਾਹਿਤ ਹਾਂ। ਵਾਟਸਨ ਨੇ 2 ਨਵੰਬਰ ਨੂੰ ਸੇਵਾ ਮੁਕਤ ਹੋ ਰਹੇ ਐਬਟਸਫੋਰਡ ਪੁਲਿਸ ਚੀਫ ਮਾਈਕ ਸੇਰ ਦੀ ਥਾਂ ਲੈਣ ਲਈ ਵਿਕਟੋਰੀਆ ਪੁਲਿਸ ਵਿਭਾਗ ਵਿਚ ਡਿਪਟੀ ਚੀਫ ਦਾ ਅਹੁਦਾ ਛੱਡਿਆ ਹੈ। 50 ਸਾਲਾ ਵਾਟਸਨ ਕੋਲ ਨੌਕਰੀ ਦਾ 26 ਸਾਲ ਦਾ ਤਜਰਬਾ ਹੈ। ਉਸ ਦਾ ਕਹਿਣਾ ਕਿ ਪੁਲਿਸ ਤਾਂ ਉਸ ਦੇ ਜਵਾਨੀ ਵਾਲੇ ਦਿਨਾਂ ਤੋਂ ਖ਼ੂਨ ਵਿਚ ਰਚੀ ਹੋਈ ਹੈ। ਵਾਟਸਨ ਕਹਿੰਦੇ ਹਨ ਕਿ ਉਹ ਤੇ ਉਨ੍ਹਾਂ ਦੀ ਸੇਵਾ ਮੁਕਤ ਪੁਲਿਸ ਅਫਸਰ ਪਤਨੀ ਪੁਲਿਸ ਵਿਚ ਨੌਕਰੀ ਕਰਨ ਪਿੱਛੋਂ ਫ੍ਰੇਜ਼ਰ ਵੈਲੀ ਵਿਚ ਰਹਿਣ ਲਈ ਅਕਸਰ ਸੋਚਦੇ ਹਨ। ਦੋਵਾਂ ਦੀ ਇਕ 21 ਸਾਲਾ ਧੀ ਹੈ।

## ਕਾਮਿਆਂ ਲਈ ਫ੍ਰੈਂਚ ਭਾਸ਼ਾ ਦੀ ਸ਼ਰਤ ਨਾਲ ਕਿਊਬਕ ਨੇ ਇਮੀਗ੍ਰੇਸ਼ਨ ਟੀਚੇ ਨੂੰ 10000 ਤਕ ਵਧਾਇਆ

ਮਾਂਟਰੀਅਲ-ਕਿਊਬਕ ਸਰਕਾਰ ਅਗਲੇ ਸਾਲ ਆਪਣੇ ਇਮੀਗ੍ਰੇਸ਼ਨ ਟੀਚੇ ਨੂੰ 60000 ਵਿਅਕਤੀਆਂ ਤਕ ਵਧਾ ਰਹੀ ਹੈ ਅਤੇ ਨਵੇਂ ਆਉਣ ਵਾਲੇ ਪ੍ਰਵਾਸੀਆਂ ਲਈ ਫ੍ਰੈਂਚ ਭਾਸ਼ਾਂ ਦੀ ਜਾਣਕਾਰੀ ਹੋਣ ਦੀਆਂ ਸ਼ਰਤਾਂ ਲਗਾ ਰਹੀ ਹੈ। ਪ੍ਰੀਮੀਅਰ ਫ੍ਰੈਂਕੋਇਸ ਲੇਗਾਲਟ ਨੇ ਕਿਹਾ ਕਿ ਇਕ ਸਾਲ ਵਿਚ ਅਧਿਕਾਰਤ ਟੀਚਾ 50000 ਵਿਅਕਤੀਆਂ ਤਕ ਹੀ ਰਹੇਗਾ ਪਰ ਉਨ੍ਹਾਂ ਦੀ ਸਰਕਾਰ ਵਲੋਂ ਜਾਰੀ ਦਸਤਾਵੇਜ਼ ਕਹਿੰਦਾ ਹੈ ਕਿ ਜਦੋਂ ਪ੍ਰਵਾਸੀਆਂ ਨੂੰ ਦੂਸਰੇ ਪ੍ਰੋਗਰਾਮਾਂ ਰਾਹੀਂ ਸ਼ਾਮਿਲ ਕੀਤਾ ਜਾਵੇਗਾ ਤਾਂ ਇਹ ਗਿਣਤੀ 10000 ਤਕ ਵੱਧ ਜਾਵੇਗੀ। ਪ੍ਰੀਮੀਅਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਦੀ ਸਰਕਾਰ ਸਾਰੇ ਆਰਥਿਕ ਪ੍ਰਵਾਸੀਆਂ ਜਿਨ੍ਹਾਂ ਦੀ ਚੋਣ ਸੂਬਾ ਕਰੇਗਾ ਨਾ ਕਿ ਫੈਡਰਲ ਸਰਕਾਰ, ਨੂੰ ਸੂਬੇ ਵਿਚ ਦਾਖਲ ਹੋਣ ਤੋਂ ਪਹਿਲਾਂ ਫ੍ਰੈਂਚ ਟੈਸਟ ਪਾਸ ਕਰਨਾ ਪਵੇਗਾ। ਕਿਊਬਕ ਖੇਤੀ ਫਾਰਮਾਂ ਵਿਚ ਕੰਮ ਕਰਨ ਵਾਲੇ ਕਾਮਿਆਂ ਨੂੰ ਛੱਡ ਕੇ ਸਾਰੇ ਉਨ੍ਹਾਂ ਆਰਜ਼ੀ ਵਿਦੇਸ਼ੀ ਕਾਮਿਆਂ ਲਈ ਵੀ ਫ੍ਰੈਂਚ ਟੈਸਟ ਪਾਸ ਕਰਨਾ ਲਾਜ਼ਮੀ ਕਰੇਗਾ ਜੇਕਰ ਉਹ ਸੂਬੇ ਵਿਚ ਤਿੰਨ ਸਾਲ ਤੋਂ ਵੱਧ ਸਮਾਂ ਰਹਿਣਾ ਚਾਹੁੰਦੇ ਹਨ। ਪ੍ਰੀਮੀਅਰ ਨੇ ਇਹ ਵੀ ਕਿਹਾ ਕਿ ਸੂਬਾ ਓਟਵਾ ਨੂੰ ਕਿਊਬਕ ਵਿਚ ਸ਼ਰਨ ਲੈਣ ਵਾਲਿਆਂ ਤੇ ਯੂਕਰੇਨੀ ਸ਼ਰਨਾਰਥੀਆਂ ਦੀ ਗਿਣਤੀ ਘਟਾਉਣ ਲਈ ਵੀ ਕਹੇਗਾ। ਕਿਊਬਕ ਦੇ ਨਵੇਂ ਇਮੀਗ੍ਰੇਸ਼ਨ ਟੀਚੇ ਦੋ ਸਾਲਾਂ ਲਈ ਲਾਗੂ ਹੋਣਗੇ।

## ਜਸਟਿਨ ਟਰੂਡੋ, ਦੋਸਤਾਂ, ਅਦਾਕਾਰ ਤੇ ਪ੍ਰਸ਼ੰਸਕਾਂ ਵਲੋਂ ਮੈਥਿਊ ਪੇਰੀ ਦੀ ਮੌਤ 'ਤੇ ਦੁੱਖ ਜ਼ਾਹਿਰ



ਓਟਵਾ-ਮੈਥਿਊ ਪੇਰੀ ਦੇ ਦੋਸਤਾਂ, ਸਹਿ-ਸਿਤਾਰਿਆਂ ਅਤੇ ਕੁਝ ਬਹੁਤ ਹੀ ਮਸ਼ਹੂਰ ਪ੍ਰਸ਼ੰਸਕਾਂ ਜਿਨ੍ਹਾਂ ਵਿਚ ਉਨ੍ਹਾਂ ਦੇ ਸਹਿਪਾਠੀ, ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਉਸ ਦੀ 'ਫਰੈਂਡਜ਼' ਮਮ ਮੋਰਗਨ ਫੇਅਰ ਚਾਈਲਡ ਅਤੇ ਐਡੇਲ ਸ਼ਾਮਿਲ ਹਨ ਨੇ ਉਸ ਦੀ ਮੌਤ 'ਤੇ ਡੂੰਘਾ ਦੁੱਖ ਜ਼ਾਹਿਰ ਕੀਤਾ ਹੈ। ਪੇਰੀ ਜਿਸ ਨੇ ਐਨਬੀਸੀ ਦੇ 'ਫਰੈਂਡਜ਼' ਫਾਰ 10 ਸੀਜ਼ਨਜ਼ ਲਈ ਚੈਂਡਲਰ ਬਿੰਗ ਦੀ ਭੂਮਿਕਾ ਨਿਭਾਈ ਸੀ ਦੀ ਉਸ ਦੇ ਲਾਸ ਏਂਜਲਸ ਵਿਚ ਸਥਿਤ ਘਰ ਵਿਚੋਂ ਲਾਸ਼ ਮਿਲੀ ਸੀ। ਉਹ 54 ਸਾਲ ਦਾ ਸੀ। ਇਕ ਸਾਂਝੇ ਬਿਆਨ ਵਿਚ ਐਗਜ਼ੀਕਿਊਟਿਵ ਪ੍ਰੋਡਿਊਸਰ ਕੇਵਿਨ ਬਰਾਈਟ ਨਾਲ 'ਫਰੈਂਡਜ਼' ਦੇ ਸਹਿ-ਰਚਨਾਕਾਰ ਮਾਰਟਾ ਕੌਫਮੈਨ ਅਤੇ ਡੇਵਿਡ ਕਰੇਨ ਨੇ ਕਿਹਾ ਕਿ ਇਹ ਸੱਚਮੁੱਚ ਉਹ ਸਮਾਂ ਹੈ ਜਿਥੇ ਸਾਡੇ ਦਿਲ ਟੁੱਟ ਗਏ ਹਨ। ਕੌਫਮੈਨ, ਕਰੇਨ ਅਤੇ ਬਰਾਈਟ ਨੇ ਲਿਖਿਆ ਕਿ ਸਾਡੇ ਪਿਆਰੇ ਦੋਸਤ ਮੈਥਿਊ ਦੀ ਮੌਤ ਦਾ ਸਾਨੂੰ ਡੂੰਘਾ ਸਦਮਾ ਲੱਗਾ ਹੈ ਅਤੇ ਅਸੀਂ ਬਹੁਤ ਦੁੱਖੀ ਹਾਂ। ਪੇਰੀ ਦੇ ਪਰਿਵਾਰ ਨੇ ਵੀ ਪੀਪਲ ਮੈਗਜ਼ੀਨ ਨੂੰ ਇਕ ਬਿਆਨ ਜਾਰੀ ਕਰਕੇ ਕਿਹਾ ਕਿ ਉਨ੍ਹਾਂ ਦਾ ਨੁਕਸਾਨ ਨਾਲ ਦਿਲ ਟੁੱਟ ਗਿਆ ਹੈ।






# ਹਮਾਸ ਤੋਂ ਬੰਧਕਾਂ ਨੂੰ ਛੁਡਾਉਣ ਲਈ ਪਰਿਵਾਰਕ ਮੈਂਬਰ ਨਿਰਣਾਇਕ ਕਾਰਵਾਈ ਦੀ ਮੰਗ ਨੂੰ ਲੈ ਕੇ ਓਟਵਾ ਪਹੁੰਚੇ

ਓਟਵਾ-ਉਹ ਲੋਕ ਜਿਨ੍ਹਾਂ ਦੇ ਪਰਿਵਾਰਕ ਮੈਂਬਰ ਇਜ਼ਰਾਈਲ ਖਿਲਾਫ 7 ਅਕਤੂਬਰ ਦੇ ਅੱਤਵਾਦੀ ਹਮਲੇ ਦੌਰਾਨ ਅਗਵਾ ਕਰ ਲਏ ਸਨ ਆਪਣੀਆਂ ਭਿਆਨਕ ਕਹਾਣੀਆਂ ਲੈ ਕੇ ਓਟਵਾ ਪੁੱਜੇ ਅਤੇ ਉਨ੍ਹਾਂ ਨੂੰ ਕੈਨੇਡੀਅਨ ਸਿਆਸਤਦਾਨਾਂ ਨੂੰ ਇਹ ਯਾਦ ਕਰਵਾਉਣ ਦੀ ਉਮੀਦ ਹੈ ਕਿ ਉਥੇ ਬੰਧਕ ਮੌਜੂਦ ਹਨ ਜਿਨ੍ਹਾਂ ਨੂੰ ਘਰ ਵਾਪਸ ਲਿਆਉਣ ਦੀ ਲੋੜ ਹੈ। ਇਜ਼ਰਾਈਲ ਦੂਤਘਰ ਪੰਜ ਵਿਅਕਤੀਆਂ ਨੂੰ ਕੈਨੇਡੀਅਨ ਸਿਆਸਤਦਾਨਾਂ ਨੂੰ ਮਿਲਾਉਣ ਲਈ ਲੈ ਕੇ ਆਇਆ ਜਿਨ੍ਹਾਂ ਦੇ ਅਜ਼ੀਜ਼ਾਂ ਨੂੰ ਦੱਖਣੀ ਇਜ਼ਰਾਈਲ ਵਿਚ ਹਮਾਸ ਹਮਲੇ ਦੌਰਾਨ ਅਗਵਾ ਕਰ ਲਿਆ ਜਾਂ ਮਾਰ ਦਿੱਤਾ ਗਿਆ ਸੀ। ਇਕ ਵਿਅਕਤੀ ਹਾਰੋਨ ਬ੍ਰੋਡਚ ਨੇ ਦੱਸਿਆ ਕਿ ਉਸ ਦੇ ਪਰਿਵਾਰ ਨੂੰ ਸ਼ੁਰੂ ਵਿਚ ਤਾਂ ਇਹ ਡਰ ਸੀ ਕਿ ਉਸ ਦੀ ਭਰਜਾਈ ਤੇ ਤਿੰਨ ਬੱਚਿਆਂ ਨੂੰ ਮਾਰ ਦਿੱਤਾ ਗਿਆ ਹੈ ਕਿਉਂਕਿ ਮੇਰਾ ਭਰਾ ਜਦੋਂ ਘਰ ਪੁੱਜਾ ਤਾਂ ਉਹ ਤਬਾਹ ਕੀਤਾ ਹੋਇਆ ਸੀ। ਉਸ ਨੂੰ ਬਾਅਦ ਵਿਚ ਪਤਾ ਲੱਗਾ ਕਿ ਉਸ ਦਾ ਪਰਿਵਾਰ ਹਮਾਸ ਨੇ ਅਗਵਾ ਕਰ ਲਿਆ ਅਤੇ ਉਨ੍ਹਾਂ ਗਜ਼ਾ ਵਿਚ ਬੰਧਕ ਬਣਾ ਕੇ ਰੱਖਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਅਸੀਂ ਦੁਨੀਆਂ ਭਰ ਦੀਆਂ ਸਰਕਾਰਾਂ ਨੂੰ ਅਪੀਲ ਕਰਦੇ ਹਾਂ ਕਿ ਬੰਧਕਾਂ ਦੀ ਜਲਦੀ ਰਿਹਾਈ ਲਈ ਦੋਵਾਂ ਇਜ਼ਰਾਈਲ ਅਤੇ ਹਮਾਸ 'ਤੇ ਦਬਾਅ ਪਾਉਣ।

# ਖ਼ਾਲਿਸਤਾਨ ਲਈ ਰਾਏਸ਼ਮਾਰੀ ਦੇ ਦੂਸਰੇ ਗੇੜ ਵਿਚ ਹਜ਼ਾਰਾਂ ਸਿੱਖਾਂ ਨੇ ਪਾਈ ਵੋਟ

ਸਰੀ-ਆਜ਼ਾਦ ਸਿੱਖ ਰਾਜ ਖਾਲਿਸਤਾਨ ਲਈ ਕਰਵਾਈ ਜਾ ਰਹੀ ਗੈਰਸਰਕਾਰੀ ਰਾਏਸ਼ਮਾਰੀ ਦੇ ਦੂਸਰੇ ਗੇੜ ਵਿਚ ਹਜ਼ਾਰਾਂ ਸਿੱਖਾਂ ਨੇ ਵੋਟ ਪਾਈ। ਅਮਰੀਕਾ ਆਧਾਰਤ ਗਰੁੱਪ ਸਿਖਸ ਫਾਰ ਜਸਟਿਸ ਨੇ ਕਿਹਾ ਕਿ ਬੀਸੀ ਵਿਚ ਰਾਏਸ਼ਮਾਰੀ ਦਾ ਇਹ ਦੂਸਰਾ ਗੇੜ ਸੀ । ਗਰੁੱਪ ਦਾ ਕਹਿਣਾ ਕਿ 10 ਸਤੰਬਰ ਨੂੰ ਰਾਏਸ਼ਮਾਰੀ ਦੇ ਪਹਿਲੇ ਗੇੜ ਵਿਚ ਲੋਕਾਂ ਦੀ ਇੰਨੀ ਦਿਲਚਸਪੀ ਸੀ ਕਿ ਵੋਟਿੰਗ ਇਕ ਦਿਨ ਵਿਚ ਮੁਕੰਮਲ ਨਹੀਂ ਕੀਤੀ ਜਾ ਸਕੀ। ਰਾਏਸ਼ਮਾਰੀ ਲਈ ਦੂਸਰੇ ਗੇੜ ਦੀਆਂ ਵੋਟਾਂ ਉਸੇ ਗੁਰਦੁਆਰਾ ਸਾਹਿਬ ਵਿਖੇ ਪਾਈਆਂ ਗਈਆਂ ਜਿਥੇ ਖਾਲਿਸਤਾਨ ਦੀ ਵਕਾਲਤ ਕਰਨ ਵਾਲੇ ਹਰਦੀਪ ਸਿੰਘ ਨਿੱਝਰ ਦਾ ਜੂਨ ਮਹੀਨੇ ਕਤਲ ਕੀਤਾ ਗਿਆ ਸੀ। 18 ਸਤੰਬਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦਾਅਵਾ ਕੀਤਾ ਸੀ ਕਿ ਨਿੱਝਰ ਦੇ ਕਤਲ ਨਾਲ ਭਾਰਤ ਸਰਕਾਰ ਦੇ ਜੁੜੇ ਹੋਣ ਦੇ ਭਰੋਸੇਯੋਗ ਦੋਸ਼ ਹਨ ਪਰ ਭਾਰਤ ਨੇ ਇਸ ਦਾਅਵੇ ਦਾ ਜ਼ੋਰਦਾਰ ਖੰਡਨ ਕੀਤਾ ਸੀ ਜਿਸ ਪਿੱਛੋਂ ਦੋਵਾਂ ਦੇਸ਼ਾਂ ਵਿਚਕਾਰ ਤਣਾਅ ਪੈਦਾ ਹੋ ਗਿਆ। ਰੇਡੀਓ ਪੰਜਾਬ ਦੇ ਨਿਊਜ਼ ਡਾਇਰੈਕਟਰ ਸਰਬਰਾਜ ਕਾਹਲੋਂ ਜਿਹੜਾ ਰਾਏਸ਼ਮਾਰੀ ਵਾਲੀ ਥਾਂ 'ਤੇ ਮੌਜੂਦ ਸੀ ਨੇ ਕਿਹਾ ਕਿ 65700 ਲੋਕ ਵੋਟ ਪਾਉਣ ਲਈ ਆਏ। ਵੋਟਰਾਂ ਲਈ ਸਿੱਖ ਤੇ 18 ਸਾਲ ਤੋਂ ਵੱਧ ਉਮਰ ਦਾ ਹੋਣਾ ਜ਼ਰੂਰੀ ਸੀ। ਪ੍ਰਬੰਧਕਾਂ ਨੇ ਦੱਸਿਆ ਕਿ ਦੋ ਦਿਨਾਂ ਦੀ ਵੋਟਿੰਗ ਵਿਚ 200000 ਤੋਂ ਵੀ ਜ਼ਿਆਦਾ ਲੋਕਾਂ ਨੇ ਵੋਟ ਪਾਈ ਅਤੇ ਸਿੱਖ ਫਾਰ ਜਸਟਿਸ




ਦਾ ਅਨੁਮਾਨ ਹੈ ਕਿ 135000 ਲੋਕਾਂ ਨੇ ਸਤੰਬਰ ਮਹੀਨੇ ਵਿਚ ਵੋਟ ਪਾਈ ਸੀ। 2021 ਦੀ ਮਰਦਮਸ਼ਮਾਰੀ ਮੁਤਾਬਿਕ ਬੀਸੀ ਵਿਚ 290000 ਸਿੱਖ ਰਹਿੰਦੇ ਹਨ। ਚੋਣ ਕੇਂਦਰ ਦੇ ਬਾਹਰ ਸਿਖਸ ਫਾਰ ਜਸਟਿਸ ਦੇ ਬੀਸੀ ਦੇ ਡਾਇਰੈਕਟਰ ਜਤਿੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਬਹੁਤੇ ਲੋਕਾਂ ਨੇ ਪਿਛਲੀ ਰਾਏਸ਼ਮਾਰੀ ਵਿਚ ਵੋਟ ਪਾਈ ਸੀ ਪਰ ਜਿਨ੍ਹਾਂ ਨੂੰ ਮੌਕਾ ਨਹੀਂ ਮਿਲਿਆ ਉਨ੍ਹਾਂ ਨੂੰ ਲੋਕਤੰਤਰੀ ਅਤੇ ਸ਼ਾਂਤਮਈ ਤਰੀਕੇ ਨਾਲ ਆਪਣੀ ਆਵਾਜ਼ ਸੁਣਾਉਣ ਦਾ ਮੌਕਾ ਦਿੱਤਾ ਗਿਆ ਹੈ। ਸਤੰਬਰ ਮਹੀਨੇ ਵੋਟ ਪਾਉਣ ਵਾਲਿਆਂ ਨਾਲੋਂ ਐਤਵਾਰ ਨੂੰ ਵੋਟ ਪਾਉਣ ਵਾਲੇ ਲੋਕ ਵੱਡੀ ਉਮਰ ਦੇ ਦਿਖਾਈ ਦਿੱਤੇ। ਲਾਊਡ ਸਪੀਕਰਾਂ 'ਤੇ ਖਾਲਿਸਤਾਨ ਦੇ ਨਾਅਰੇ ਸੁਣੇ ਜਾ ਸਕਦੇ ਸਨ ਅਤੇ ਖਾਲਿਸਤਾਨ ਦੀ ਸਿਰਜਣਾ ਦੇ ਹੱਕ ਵਿਚ ਬਹੁਤ ਸਾਰੇ ਝੰਡੇ ਵੀ ਦੇਖੇ ਜਾ ਸਕਦੇ ਸਨ ਜਦਕਿ ਲੋਕ ਆਪਣੀ ਵੋਟ ਪਾਉਣ ਲਈ ਕਤਾਰ ਵਿਚ ਖੜੇ ਦਿਖਾਈ ਦਿੱਤੇ। ਵੋਟਾਂ ਵਾਲੀ ਥਾਂ 'ਤੇ ਸਰੀ ਪੁਲਿਸ ਸਰਵਿਸ ਅਤੇ ਸਰੀ ਆਰਸੀਐਮਪੀ ਦੇ ਅਫਸਰ ਤਾਇਨਾਤ ਸਨ। ਰੇਡੀਓ ਪੰਜਾਬ ਨਾਲ ਜੁੜੇ ਕਾਹਲੋਂ ਨੇ ਦੱਸਿਆ ਕਿ ਜਿਉਂ ਹੀ ਦਿਨ ਚੜਿਆ ਤੇ ਮੌਸਮ ਨਿੱਘਾ ਹੋਇਆ ਤਾਂ ਵੋਟਰਾਂ ਦੀ ਗਿਣਤੀ ਵੱਧ ਗਈ। ਗਰੇਵਾਲ ਨੇ ਦੱਸਿਆ ਕਿ ਆਪਣੀ ਰਾਇ ਦੇਣ ਲਈ ਸਮੁੱਚੇ ਬੀਸੀ ਸੂਬੇ ਤੋਂ ਲੋਕ ਪਹੁੰਚੇ ਹੋਏ ਸਨ। ਉਸ ਨੇ ਅੱਗੇ ਕਿਹਾ ਕਿ ਬਹੁਤੇ ਲੋਕ ਪ੍ਰਧਾਨ ਮੰਤਰੀ ਦੇ ਨਿੱਝਰ ਦੇ ਕਤਲ ਸਬੰਧੀ ਦਾਅਵੇ ਤੋਂ ਪ੍ਰੇਰਿਤ ਹੋਏ ਸਨ। ਇਸ ਗੱਲ ਨੇ ਉਨ੍ਹਾਂ ਨੂੰ ਅਹਿਸਾਸ ਕਰਵਾਇਆ ਹੈ ਕਿ ਸਾਨੂੰ ਇਕ ਆਜ਼ਾਦ ਦੇਸ਼ ਦੀ ਲੋੜ ਹੈ, ਸਾਨੂੰ ਆਪਣੇ ਹਿੱਤਾਂ ਦੀ ਰਾਖੀ ਕਰਨ ਦੀ ਲੋੜ ਹੈ। ਭਾਰਤ ਸਰਕਾਰ ਨੇ ਨਿੱਝਰ ਦੇ ਕਤਲ ਵਿਚ ਆਪਣੀ ਸ਼ਮੂਲੀਅਤ ਤੋਂ ਇਨਕਾਰ ਕਰਦਿਆਂ ਟਰੂਡੋ ਦੇ ਦਾਅਵੇ ਨੂੰ ਬੇਤੁਕਾ ਆਖਿਆ। ਨਿੱਝਰ ਕੈਨੇਡਾ ਵਿਚ ਖਾਲਿਸਤਾਨ ਰਾਏਸ਼ਮਾਰੀ ਦਾ ਪ੍ਰਬੰਧਕ ਸੀ ਅਤੇ ਭਾਰਤ ਨੇ ਉਸ ਦੀ ਮੌਤ ਤੋਂ ਪਹਿਲਾਂ ਉਸ ਨੂੰ ਅੱਤਵਾਦੀ ਐਲਾਨਿਆਂ ਹੋਇਆ ਸੀ ਪਰ ਉਸ ਨੇ ਭਾਰਤ ਸਰਕਾਰ ਦੇ ਅੱਤਵਾਦੀ ਹੋਣ ਦੇ ਦੋਸ਼ਾਂ ਦਾ ਖੰਡਨ ਕੀਤਾ ਸੀ। ਗਰੁੱਪ ਦਾ ਅੰਤਿਮ ਟੀਚਾ 2025 ਵਿਚ ਪੰਜਾਬ ਵਿਚ ਵੋਟਿੰਗ ਕਰਵਾਉਣ ਦਾ ਹੈ, ਹਾਲਾਂਕਿ ਇਹ ਭਾਰਤ ਵਿਚ ਕਾਨੂੰਨੀ ਤੌਰ 'ਤੇ ਮੰਨਣਯੋਗ ਨਹੀਂ ਹੋਵੇਗਾ। ਗਰੇਵਾਲ ਨੇ ਕਿਹਾ ਕਿ ਜੇਕਰ ਨਤੀਜਿਆਂ ਨੇ ਖਾਲਿਸਤਾਨ ਦਾ ਸਮਰਥਨ ਦਿਖਾਇਆ ਤਾਂ ਇਸ ਨਾਲ ਸੰਯੁਕਤ ਰਾਸ਼ਟਰ ਤੇ ਦੂਸਰੇ ਅੰਤਰਰਾਸ਼ਟਰੀ ਸੰਗਠਨ ਵਿਚ ਵਕਾਲਤ ਕਰਨ ਲਈ ਗਰੁੱਪ ਨੂੰ ਮਜ਼ਬੂਤ ਆਧਾਰ ਮਿਲੇਗਾ। ਸਿੱਖਸ ਫਾਰ ਜਸਟਿਸ ਦੇ ਮੁਖੀ ਗੁਰਪਤਵੰਤ ਸਿੰਘ ਪੰਨੂੰ ਦਾ ਕਹਿਣਾ ਕਿ ਅਗਲੇ ਸਾਲ ਐਬਟਸਫੋਰਡ, ਕੈਲਗਰੀ, ਐਡਮਿੰਟਨ ਅਤੇ ਮਾਂਟਰੀਅਲ ਸਮੇਤ ਹੋਰ ਸਥਾਨਾਂ 'ਤੇ ਵੋਟਿੰਗ ਕਰਵਾਏ ਜਾਣ ਦੀ ਆਸ ਹੈ ਅਤੇ ਵੋਟਾਂ ਦੇ ਨਤੀਜੇ 2025 ਵਿਚ ਐਲਾਨੇ ਜਾਣਗੇ। ਪ੍ਰਾਜੈਕਟ ਦੀ ਨਿਗਰਾਨੀ ਪੰਜਾਬ ਰੈਫਰੈਂਡਮ ਕਮਿਸ਼ਨ ਕਰ ਰਿਹਾ ਹੈ ਜਿਹੜਾ ਆਪਣੇ ਆਪ ਨੂੰ ਸੁਤੰਤਰ ਗਰੁੱਪ ਕਹਿੰਦਾ ਹੈ। ਕਮਿਸ਼ਨ ਦਾ ਚੇਅਰਮੈਨ ਰਾਜਨੀਤਕ ਰਣਨੀਤੀਕਾਰ ਡੇਨ ਵਾਟਰਜ਼ ਹੈ ਜਿਸ ਨੇ ਕਈ ਅਮਰੀਕੀ ਰਾਸ਼ਟਰਪਤੀਆਂ ਦੀ ਚੋਣ ਮਹਿੰਮਾਂ ਲਈ ਕੰਮ ਕੀਤਾ ਹੈ।

# ਕੈਨੇਡਾ ਵਿਚ ਇਮੀਗ੍ਰੇਸ਼ਨ ਲਈ ਸਮਰਥਨ ਪਿਛਲੇ ਸਾਲ ਤੋਂ ਘਟਿਆ

ਓਟਵਾ-ਕੈਨੇਡਾ ਵਿਚ ਪ੍ਰਵਾਸ ਦੇ ਪੱਖ ਵਿਚ ਸਮਰਥਨ ਪਿਛਲੇ ਸਾਲ ਨਾਲੋਂ ਘਟਿਆ ਹੈ। ਇਹ ਗੱਲ ਇਕ ਸਰਵੇਖਣ ਵਿਚ ਸਾਹਮਣੇ ਆਈ ਹੈ। ਕੈਨੇਡੀਅਨ ਖੋਜ ਏਜੰਸੀ ਇਨਵਾਇਰਨਿਕਸ ਇੰਸਟੀਚਿਊਟ ਜਿਹੜੀ ਜਨਤਕ ਰਾਏ ਬਾਰੇ ਸਰਵੇਖਣ ਕਰਦੀ ਅਤੇ ਸਰਕਾਰ, ਸਮਾਜਿਕ ਅਤੇ ਆਰਥਿਕ ਮੁੱਦਿਆਂ 'ਤੇ ਅੰਕੜੇ ਇਕੱਤਰ ਕਰਦੀ ਹੈ ਨੇ ਇਮੀਗ੍ਰੇਸ਼ਨ ਨੂੰ ਲੈ ਕੇ ਕੈਨੇਡੀਅਨ ਜਨਤਕ ਰਾਇ ਬਾਰੇ ਆਪਣਾ ਸਾਲਾਨਾ ਅਧਿਐਨ ਜਾਰੀ ਕੀਤਾ ਹੈ। ਰਿਪੋਰਟ ਵਿਚ ਪਾਇਆ ਕਿ ਪਿਛਲੇ ਇਕ ਸਾਲ ਵਿਚ ਕੈਨੇਡੀਅਨ ਦੇਸ਼ ਅਤੇ ਆਰਥਿਕਤਾ ਦੀ ਦਿਸ਼ਾ ਨੂੰ ਲੈ ਕੇ ਨਿਰਾਸ਼ਾਵਾਦੀ ਹੋ ਗਏ ਹਨ। ਇਸ ਦਾ ਕਹਿਣਾ ਕਿ ਉਨ੍ਹਾਂ ਨੂੰ ਭਵਿੱਖ ਦੀਆਂ ਚੁਣੌਤੀਆਂ ਲਈ ਯੋਜਨਾ ਬਣਾਉਣ ਸਬੰਧੀ ਸਰਕਾਰ ਦੀ ਯੋਗਤਾ 'ਤੇ ਸ਼ੱਕ ਹੈ। ਇਸ ਵਿਚ ਇਮੀਗ੍ਰੇਸ਼ਨ ਨਾਲ ਪੈਦਾ ਹੋਣ ਵਾਲੀਆਂ ਚੁਣੌਤੀਆਂ ਸ਼ਾਮਿਲ ਹਨ। ਇਨਵਾਇਰਨਿਕਸ ਇੰਸਟੀਚਿਊਟ ਇਕ ਗੈਰ-ਪੱਖਪਾਤੀ ਸੰਗਠਨ ਸੈਂਚੁਰੀ ਇਨੀਸ਼ੇਟਿਵ ਦੀ ਭਾਈਵਾਲੀ ਨਾਲ ਕੰਮ ਕਰਦਾ ਹੈ। ਇਸ ਸੰਗਠਨ ਦਾ ਉਦੇਸ਼ ਇਸ ਤਰ੍ਹਾਂ ਦੀਆਂ ਨੀਤੀਆਂ ਤੇ ਪ੍ਰੋਗਰਾਮ ਲਾਗੂ ਕਰਨੇ ਹਨ ਜਿਸ ਨਾਲ 2100 ਤਕ ਕੈਨੇਡਾ ਦੀ ਆਬਾਦੀ 10 ਕਰੋੜ ਹੋ ਜਾਵੇ। ਅਧਿਐਨ ਇਮੀਗ੍ਰੇਸ਼ਨ ਅਤੇ ਸ਼ਰਨਾਰਥੀਆਂ ਬਾਰੇ ਕੈਨੇਡੀਅਨ ਰਾਇ ਨੂੰ ਜਾਨਣ ਲਈ ਹਰੇਕ ਸਾਲ ਕੀਤਾ ਜਾਂਦਾ ਹੈ। ਇਹ ਸਰਵੇਖਣ 4 ਤੋਂ 17 ਸਤੰਬਰ 2023 ਤਕ 2002 ਕੈਨੇਡੀਅਨਾਂ ਨਾਲ ਫੋਨ 'ਤੇ ਕੀਤੀ ਗੱਲਬਾਤ 'ਤੇ ਆਧਾਰਤ ਹੈ। 96 ਫ਼ੀਸਦੀ ਆਬਾਦੀ ਵਾਧਾ ਅੰਤਰਰਾਸ਼ਟਰੀ ਪ੍ਰਵਾਸ ਨਾਲ ਹੁੰਦਾ ਹੈ। ਕੁਝ ਲੋਕ ਕੈਨੇਡਾ ਦੀ ਦਬਾਅ ਹੇਠ ਆਈ ਸਿਹਤ ਪ੍ਰਣਾਲੀ ਅਤੇ ਸਸਤਾ ਮਕਾਨਾਂ ਦੀ ਘਾਟ ਲਈ ਇਮੀਗ੍ਰੇਸ਼ਨ ਨੂੰ ਜ਼ਿੰਮੇਵਾਰ ਸਮਝਦੇ ਹਨ। ਰਿਪੋਰਟ ਕਹਿੰਦੀ ਹੈ ਕਿ ਇਨ੍ਹਾਂ ਮੁੱਦਿਆਂ ਦੇ ਬਾਵਜੂਦ ਬਹੁਤ ਥੋੜੇ ਲੋਕਾਂ ਨੇ ਕਿਹਾ ਕਿ ਇਮੀਗ੍ਰੇਸ਼ਨ ਜਾਂ ਸ਼ਰਨਾਰਥੀ ਦੇਸ਼ ਦੇ ਸਾਹਮਣੇ ਸਭ ਤੋਂ ਵੱਡੀ ਸਮੱਸਿਆ ਹੈ। ਬਹੁਤੇ ਕੈਨੇਡੀਅਨਾਂ ਦਾ ਵਿਸ਼ਵਾਸ ਹੈ ਕਿ ਆਰਥਿਕਤਾ ਲਈ ਪ੍ਰਵਾਸ ਫਾਇਦੇਮੰਦ ਹੈ।

# ਇਕ ਲੱਖ ਡਾਲਰ ਦੇ ਗੈਰਕਾਨੂੰਨੀ ਪਟਾਕੇ ਜ਼ਬਤ

ਸਰੀ-ਹੈਲੋਵੀਨ ਤਿਉਹਾਰ ਤੋਂ ਪਹਿਲਾਂ ਸਰੀ ਪੁਲਿਸ ਨੇ ਇਕ ਸਥਾਨਕ ਰਿਟੇਲ ਸਟੋਰ ਤੋਂ ਇਕ ਲੱਖ ਡਾਲਰ ਮੁੱਲ ਦੇ ਗੈਰਕਾਨੂੰਨੀ ਪਟਾਕੇ ਜ਼ਬਤ ਕੀਤੇ ਹਨ। ਇਕ ਨਿਊਜ਼ ਰਿਲੀਜ਼ ਵਿਚ ਸਰੀ ਦੀ ਮੇਅਰ ਬਰੈਂਡਾ ਲੋਕ ਨੇ ਦੱਸਿਆ ਕਿ ਇਕੋ ਥਾਂ ਤੋਂ ਗੈਰਕਾਨੂੰਨੀ ਵਸਤਾਂ ਨੂੰ ਲਿਜਾਣ ਲਈ ਚਾਰ ਪਿਕ-ਅੱਪ ਟਰੱਕਾਂ ਅਤੇ ਇਕ ਮਿਨੀਵੈਨ ਦੀ ਲੋੜ ਪਈ। ਸਿਟੀ ਨੇ ਦੱਸਿਆ ਕਿ ਸਰੀ ਦੇ ਲਾਅ ਅਫਸਰਾਂ ਆਨਲਾਈਨ ਜਾਂਚ ਰਾਹੀ ਰਿਟੇਲ ਸਟੋਰ 'ਤੇ ਪੁੱਜੇ ਜੋ ਕਥਿਤ ਰੂਪ ਵਿਚ ਪਟਾਕੇ ਵੇਚ ਰਿਹਾ ਸੀ। ਜਦੋਂ ਪੁਲਿਸ ਅਫਸਰ ਕਾਰੋਬਾਰ ਵਿਚ ਪੁੱਜੇ ਤਾਂ ਉਨ੍ਹਾਂ ਦੇਖੀਆਂ ਕਿ ਬਹੁਤ ਸਾਰੀਆਂ ਸੈਲਫਾਂ ਪਟਾਕਿਆਂ ਨਾਲ ਭਰੀਆਂ ਹੋਈਆਂ ਸਨ। ਸਰੀ ਆਰਸੀਐਮਪੀ ਨੇ ਪਟਾਕਿਆਂ ਨੂੰ ਜ਼ਬਤ ਕਰ ਲਿਆ ਅਤੇ ਮਾਲਕ ਅਤੇ ਉਸ ਦੇ ਦੋ ਮੁਲਾਜ਼ਮਾਂ ਨੂੰ ਜ਼ੁਰਮਾਨਾ ਕੀਤਾ ਗਿਆ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers
rcic·cric
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

# ਵਿਕਟੋਰੀਆ ਕੈਨੇਡਾ ਦਾ ਸੱਤਵਾਂ 'ਰੈਟੀਏਸਟ' ਸ਼ਹਿਰ ਬਣਿਆਂ

ਓਟਵਾ-ਓਰਕਿਨ ਕੈਨੇਡਾ ਨੇ ਦੇਸ਼ ਦੇ 25 ਰੈਟੀਏਸਟ (ਸਭ ਤੋਂ ਜ਼ਿਆਦਾ ਚੂਹਿਆਂ ਵਾਲੇ ਸ਼ਹਿਰ) ਸ਼ਹਿਰ ਦੀ 2023 ਲਈ ਆਪਣੀ ਸੂਚੀ ਜਾਰੀ ਕੀਤੀ ਹੈ ਅਤੇ ਘਰਾਂ ਨੂੰ ਚੂਹਿਆਂ ਤੋਂ ਸਾਫ ਸੁਥਰੇ ਰੱਖਣ ਲਈ ਕੁਝ ਸੁਝਾਅ ਦਿੱਤੇ ਹਨ। ਇਸ ਸਾਲ ਟੋਰਾਂਟੋ ਸੂਚੀ ਵਿਚ ਸਭ ਤੋਂ ਉੱਪਰ ਰਿਹਾ ਜਦਕਿ ਵੈਨਕੂਵਰ, ਬਰਨਬੀ, ਕੇਲੋਵਨਾ ਅਤੇ ਮਿਸੀਸਾਗਾ ਚੋਟੀ ਦੇ ਪੰਜ ਸ਼ਹਿਰਾਂ ਵਿਚ ਸ਼ਾਮਿਲ ਰਹੇ। ਰਿਚਮੰਡ ਤੇ ਵਿਕਟੋਰੀਆ ਵੀ 10 ਸ਼ਹਿਰਾਂ ਦੀ ਸੂਚੀ ਵਿਚ ਸ਼ੁਮਾਰ ਰਹੇ ਅਤੇ ਦੋਵਾਂ ਦਾ ਕਰਮਵਾਰ ਛੇਵਾਂ ਤੇ ਸੱਤਵਾਂ ਸਥਾਨ ਰਿਹਾ। ਸੂਚੀ ਵਿਚ ਬੀਸੀ ਦੇ ਦੂਸਰੇ ਸ਼ਹਿਰਾਂ ਸਰੀ ਤੇ ਵਰਨਨ ਦਾ 11ਵਾਂ ਤੇ 12ਵਾਂ ਅਤੇ ਡੈਲਟਾ, ਐਬਟਸਫੋਰਡ, ਕੋਕੁਇਟਲਮ ਅਤੇ ਲੈਂਗਲੀ 17 ਵੇਂ ਤੋਂ 20ਵੇਂ ਸਥਾਨ 'ਤੇ ਜਦਕਿ ਚਿਲੀਵੈਕ ਸੂਚੀ ਵਿਚ 25ਵੇਂ ਸਥਾਨ 'ਤੇ ਰਿਹਾ। ਸ਼ਹਿਰਾਂ ਨੂੰ ਦਰਜਾ ਚੂਹਿਆਂ ਦੀ ਰੋਕਥਾਮ ਤੇ ਉਨ੍ਹਾਂ ਤੋਂ ਬਚਾਅ ਕਰਨ ਦੇ ਕੰਮ ਵਿਚ ਲੱਗੀ ਕੰਪਨੀ ਓਰਕਿਨ ਵਲੋਂ ਇਕ ਅਗਸਤ 2022 ਤੋਂ ਜੁਲਾਈ 2023 ਤਕ ਕਿੰਨੇ ਚੂਹਿਆਂ ਦਾ ਪ੍ਰਬੰਧ ਕੀਤਾ ਗਿਆ ਦੀ ਗਿਣਤੀ ਦੇ ਆਧਾਰ 'ਤੇ ਦਿੱਤਾ ਜਾਂਦਾ ਹੈ।

# ਪੁਲਿਸ ਅਫਸਰ ਵਲੋਂ ਵਿਸ਼ਵਾਸ਼ਘਾਤ ਦਾ ਦੋਸ਼ ਸਵੀਕਾਰ

ਸਰੀ-ਆਰਸੀਐਮਪੀ ਦੇ ਇਕ ਅਫਸਰ ਨੇ ਇਨ੍ਹਾਂ ਦੋਸ਼ਾਂ ਕਿ ਉਸ ਨੇ ਔਰਤਾਂ ਨਾਲ ਪ੍ਰੇਮ ਸਬੰਧ ਬਣਾਉਣ ਲਈ ਪੁਲਿਸ ਅਫਸਰ ਵਜੋਂ ਆਪਣੇ ਅਹੁਦੇ ਦੀ ਦੁਰਵਰਤੋਂ ਕੀਤੀ ਸੀ ਨਾਲ ਸਬੰਧਤ ਵਿਸ਼ਵਾਸ਼ਘਾਤ ਦੇ ਤਿੰਨ ਦੋਸ਼ਾਂ ਵਿਚ ਆਪਣਾ ਕਸੂਰ ਸਵੀਕਾਰ ਕਰ ਲਿਆ ਹੈ। ਜੂਨ 2022 ਵਿਚ ਪਹਿਲੀ ਵਾਰ ਕਾਰਪੋਰਲ ਪੀਟਲ ਲੈਂਕੀ ਖਿਲਾਫ ਵਿਸ਼ਵਾਸ਼ ਭੰਗ ਕਰਨ, ਧੋਖਾਧੜੀ ਅਤੇ ਜਿਣਸੀ ਹਮਲੇ ਨਾਲ ਕੰਪਿਊਟਰ ਸਰਵਿਸ ਹਾਸਲ ਕਰਨ ਦੇ ਦੋਸ਼ਾਂ ਦਾ ਐਲਾਨ ਕੀਤਾ ਗਿਆ ਸੀ। ਸਾਲ ਦੇ ਅਖੀਰ ਤਕ ਉਸ ਦੇ ਖਿਲਾਫ ਦੋਸ਼ਾਂ ਦੀ ਗਿਣਤੀ ਦਰਜਨ ਤੋਂ ਵੀ ਵੱਧ ਗਈ। ਇਹ ਘਟਨਾਵਾਂ 2014 ਅਤੇ 2021 ਵਿਚਕਾਰ ਵਾਪਰੀਆਂ ਅਤੇ ਇਨ੍ਹਾਂ ਘਟਨਾਵਾਂ ਦਾ ਤਿੰਨ ਔਰਤਾਂ ਸ਼ਿਕਾਰ ਹੋਈਆਂ ਸਨ। ਉਸ ਨੂੰ ਚਾਰ ਦਸੰਬਰ 2024 ਸਜ਼ਾ ਸੁਣਾਈ ਜਾਵੇਗੀ।

ਭੋਗ ਤੇ ਵਿਸ਼ੇਸ਼

# ਸ਼ਰੀਫ ਅਤੇ ਈਮਾਨਦਾਰ ਇਨਸਾਨ ਸਨ ਕੁਲਵੰਤ ਸਿੰਘ ਮਿਨਹਾਸ

ਸਰੀ (ਹਰਦਮ ਮਾਨ)- ਬਹੁਤ ਹੀ ਸ਼ਰੀਫ ਅਤੇ ਈਮਾਨਦਾਰ ਇਨਸਾਨ ਸ. ਕੁਲਵੰਤ ਸਿੰਘ ਮਿਨਹਾਸ (ਰਿਟਾਇਰਡ ਬੀਡੀਪੀਓ) ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ। ਸਮਾਜ ਸੇਵੀ ਸ. ਕੁਲਵੰਤ ਸਿੰਘ ਮਿਨਹਾਸ ਉਨ੍ਹਾਂ ਦੇ ਭਤੀਜੇ ਜਤਿੰਦਰ ਜੇ ਮਿਨਹਾਸ ਦੀ ਅਗਵਾਈ ਹੇਠ ਚਲਾਈ ਜਾ ਰਹੀ ਗੁਰੂ ਨਾਨਕ ਮੋਦੀਖਾਨਾ ਕਿਚਨ ਰਾਹੀਂ ਲੋੜਵੰਦਾਂ ਦੀ ਸੇਵਾ ਵਿਚ ਜੁਟੇ ਰਹਿੰਦੇ ਸਨ ਅਤੇ ਹਰ ਸਾਲ ਆਦਮਪੁਰ ਵਿਚ ਅੱਖਾਂ ਦਾ ਕੈਂਪ ਲਾਉਂਦੇ ਸਨ। ਉਨ੍ਹਾਂ ਦਾ ਜਨਮ 18 ਅਪ੍ਰੈਲ 1942 ਪਿੰਡ ਦਮੂੜਾ, ਆਦਮਪੁਰ ਜ਼ਿਲਾ ਜਲੰਧਰ ਵਿਖੇ ਹੋਇਆ। ਭਾਰਤ-ਪਾਕਿਸਤਾਨ ਵੰਡ ਤੋਂ ਬਾਅਦ ਉਨ੍ਹਾਂ ਦੇ ਪਰਿਵਾਰ ਨੂੰ ਆਦਮਪੁਰ ਵਿਚ ਜ਼ਮੀਨ ਅਲਾਟ ਹੋਈ। ਆਦਮਪੁਰ ਵਿਖੇ ਐਫ.ਏ. ਦੀ ਪੜ੍ਹਾਈ ਕਰਕੇ ਉਹ ਗ੍ਰਾਮ ਸੇਵਕ ਭਰਤੀ ਹੋ ਗਏ, ਫਿਰ ਪੰਚਾਇਤ ਸੈਕਟਰੀ ਬਣ ਗਏ ਅਤੇ ਲੰਬਾ ਸਮਾਂ ਉਹਨਾਂ ਨੇ ਆਦਮਪੁਰ ਬਲਾਕ ਵਿਚ ਪੰਚਾਇਤ ਸੈਕਟਰੀ ਵਜੋਂ ਆਪਣੀਆਂ ਸੇਵਾਵਾਂ ਦਿੱਤੀਆਂ। ਤਰੱਕੀ ਮਿਲਣ 'ਤੇ ਉਹ ਪੰਚਾਇਤ ਅਫਸਰ ਬਣ ਗਏ ਅਤੇ 2000 ਵਿਚ ਬੀਡੀਪੀਓ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ। 2012 ਵਿਚ ਉਹ ਆਪਣੀ ਬੇਟੀ ਸ਼ੀਤਲ ਮਿਨਹਾਸ ਸਰੋਇਆ ਅਤੇ ਜਵਾਈ ਇੰਜੀਨੀਅਰ ਜਗਤਾਰ ਸਿੰਘ ਸਰੋਆ ਕੋਲ ਅਮਰੀਕਾ ਆ ਗਏ। ਉਹ ਬਹੁਤ ਹੀ ਸ਼ਰੀਫ ਇਨਸਾਨ, ਬਹੁਤ ਮਿੱਠ ਬੋਲੜੇ, ਬੜੇ ਮਿਹਨਤੀ ਅਤੇ ਈਮਾਨਦਾਰ ਅਫਸਰ ਸਨ। ਇਲਾਕੇ ਦੀਆਂ ਪੰਚਾਇਤਾਂ ਵਿਚ ਉਨ੍ਹਾਂ ਦਾ ਬੜਾ ਮਾਣ ਸਨਮਾਨ ਸੀ ਅਤੇ ਸਰਪੰਚ, ਪੰਚ ਉਹਨਾਂ ਦੀ ਬੇਹੱਦ ਇੱਜ਼ਤ ਕਰਦੇ ਸਨ। ਉਨ੍ਹਾਂ ਸਾਰੀ ਸਰਵਿਸ ਬੇਦਾਗ਼ ਰਹਿੰਦਿਆਂ ਕੀਤੀ ਅਤੇ ਇਕ ਪੈਸੇ ਦੇ ਵੀ ਰਵਾਦਾਰ ਨਹੀਂ ਹੋਏ। 28 ਅਕਤੂਬਰ 2023 ਨੂੰ ਇਸ ਦੁਨੀਆਂ ਨੂੰ ਉਹ ਸਦਾ ਲਈ ਅਲਵਿਦਾ ਕਹਿ ਗਏ। ਉਨ੍ਹਾਂ ਦੇ ਪਿੱਛੇ ਬੇਟਾ ਸੰਦੀਪ ਸਿੰਘ ਮਿਨਹਾਸ, ਨੂੰਹ ਸ਼ਰਨ ਕੌਰ ਮਿਨਹਾਸ, ਬੇਟੀ ਸ਼ੀਤਲ ਮਿਨਹਾਸ ਸਰੋਆ, ਜਵਾਈ ਜਗਤਾਰ ਸਿੰਘ ਸਰੋਆ ਅਤੇ ਦੋ ਦੋਹਤੀਆਂ ਜਸਪ੍ਰੀਤ ਕੌਰ ਸਰੋਆ ਅਤੇ ਜਸਨੂਰ ਕੌਰ ਸਰੋਆ ਦਾ ਪਰਿਵਾਰ ਹੈ। ਉਹਨਾਂ ਦਾ ਅੰਤਿਮ ਸੰਸਕਾਰ 4 ਨਵੰਬਰ 2023 ਨੂੰ ਸਵੇਰੇ 10.30 ਵਜੇ EE W Valley Hwy S., Auburn, WA (USA) ਵਿਖੇ ਹੋਵੇਗਾ ਅਤੇ ਅੰਤਿਮ ਅਰਦਾਸ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ 2440 132 Avenue SE Kent, WA (USA) ਵਿਖੇ ਹੋਵੇਗੀ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਨੰਬਰ 206-355-3263, 206-326-8820 ਅਤੇ ਜਤਿੰਦਰ ਜੇ ਮਿਨਹਾਸ ਨਾਲ ਫੋਨ ਨੰਬਰ 604-880-2228 ਉੱਪਰ ਸੰਪਰਕ ਕੀਤਾ ਜਾ ਸਕਦਾ ਹੈ।



# ਸਰੀ ਸ਼ਹਿਰ ਵਲੋਂ ਗੈਰਕਾਨੂੰਨੀ ਉਸਾਰੀਆਂ ਵਿਰੁੱਧ ਸਫਲਤਾਪੂਰਵਕ ਕਾਰਵਾਈ

ਸਰੀ-ਸ਼ਹਿਰ ਨੇ 6 ਪ੍ਰਾਪਰਟੀ ਮਾਲਕਾਂ ਖਿਲਾਫ ਸਫਲਤਾਪੂਰਵਕ ਕਾਨੂੰਨੀ ਕਾਰਵਾਈ ਕੀਤੀ ਹੈ ਜਿਨ੍ਹਾਂ ਨੇ ਬਿਨ੍ਹਾਂ ਪਰਮਿਟ ਗੈਰਕਾਨੂੰਨੀ ਢੰਗ ਨਾਲ ਇਮਾਰਤਾਂ ਦੀ ਉਸਾਰੀ ਕੀਤੀ ਅਤੇ ਕਈ ਮਾਮਲਿਆਂ ਵਿਚ ਇਜਾਜ਼ਤ ਲੈਣ ਤੋਂ ਬਿਨ੍ਹਾਂ ਅਤੇ ਬੀਸੀ ਬਿਲਡਿੰਗ ਕੋਡ ਦੀ ਉਲੰਘਣਾ ਕਰਕੇ ਕਬਜ਼ੇ ਕੀਤੇ। ਸਾਰੇ ਅਦਾਲਤੀ ਮਾਮਲਿਆਂ ਵਿਚ ਉਸਾਰੀ ਢਾਂਚਿਆਂ ਨੂੰ ਢਾਹੁਣ ਦਾ ਹੁਕਮ ਦਿੱਤਾ ਗਿਆ ਸੀ। ਮੇਅਰ ਬਰੈਂਡਾ ਲੋਕ ਨੇ ਕਿਹਾ ਕਿ ਬਿਨ੍ਹਾਂ ਸਹੀ ਪਰਮਿਟਾਂ ਦੇ ਇਮਾਰਤ ਬਣਾਉਣਾ ਨਾ ਸਿਰਫ ਗੈਰਕਾਨੂੰਨੀ ਹੈ ਸਗੋਂ ਇਹ ਬਹੁਤ ਹੀ ਲਾਪਰਵਾਹੀ ਵਾਲੀ ਕਾਰਵਾਈ ਹੈ ਕਿਉਂਕਿ ਇਸ ਨਾਲ ਬਿਲਡਰਾਂ, ਇਮਾਰਤਾਂ ਵਿਚ ਰਹਿਣ ਵਾਲਿਆਂ ਅਤੇ ਗੁਆਂਢੀਆਂ ਨੂੰ ਖ਼ਤਰਾ ਹੈ। ਉਸਾਰੀ ਪ੍ਰਾਜੈਕਟਾਂ ਵਲੋਂ ਬੀਸੀ ਬਿਲਡਿੰਗ ਸੇਫਟੀ ਕੋਡ ਅਤੇ ਜ਼ੋਨਿੰਗ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ 2022 ਵਿਚ ਗੈਰਕਾਨੂੰਨੀ ਉਸਾਰੀ ਇਨਫੋਰਸਮੈਂਟ ਟੀਮ ਗਠਿਤ ਕੀਤੀ ਗਈ ਸੀ। ਜਿਥੇ ਕਿਤੇ ਜ਼ਰੂਰੀ ਹੋਇਆ ਸਰੀ ਸ਼ਹਿਰ ਆਪਣੇ ਨਿਯਮਾਂਨੂੰ ਪੂਰੀ ਹੱਦ ਤਕ ਲਾਗੂ ਕਰਨਾ ਜਾਰੀ ਰੱਖੇਗਾ। ਪ੍ਰਾਪਰਟੀ ਮਾਲਕ ਜਿਹੜੇ ਗੈਰਕਾਨੂੰਨੀ ਉਸਾਰੀ ਵਿਚ ਲੱਗੇ ਹੋਏ ਹਨ ਨੂੰ ਚੌਕਸ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਕਾਨੂੰਨੀ ਕਾਰਵਾਈ, ਢਾਹੁਣ ਦੀ ਲਾਗਤ ਅਤੇ ਬੀਮਾ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# ਕੈਨੇਡਾ ਵਲੋਂ ਅੰਤਰਰਾਸ਼ਟਰੀ ਵਿਦਿਆਰਥੀ ਪ੍ਰੋਗਰਾਮ ਇਮਾਨਦਾਰੀ ਨੂੰ ਮਜ਼ਬੂਤ ਕਰਨ ਲਈ ਨਵੇਂ ਉਪਾਵਾਂ ਦਾ ਐਲਾਨ

ਓਟਵਾ-ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਅੰਤਰਰਾਸ਼ਟਰੀ ਵਿਦਿਆਰਥੀ ਪ੍ਰੋਗਰਾਮ ਇਮਾਨਦਾਰੀ ਨੂੰ ਮਜ਼ਬੂਤ ਕਰਨ ਲਈ ਨਵੇਂ ਉਪਾਵਾਂ ਦਾ ਐਲਾਨ ਕੀਤਾ ਹੈ। ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਨਵੇਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਸੀਮਤ ਕਰਨ ਦੇ ਪੱਖ ਵਿਚ ਨਹੀਂ ਪਰ ਅੰਤਰਰਾਸ਼ਟਰੀ ਵਿਦਿਆਰਥੀਆਂ ਖਿਲਾਫ ਧੋਖਾਧੜੀ ਨੂੰ ਸੀਮਤ ਕਰਨ ਲਈ ਫੈਡਰਲ ਸਰਕਾਰ ਲੈਟਰਸ ਆਫ ਅਕਸੈਪਟੈਂਸ (ਐਲਓਏ) ਦੀ ਤਸਦੀਕ ਲਈ ਇਕ ਨਵੀਂ ਸਕੀਮ ਸ਼ੁਰੂ ਕਰ ਰਹੀ ਹੈ ਜਿਸ ਤਹਿਤ ਸੰਭਾਵੀ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸਟੱਡੀ ਪਰਮਿਟ ਲਈ ਅਪਲਾਈ ਕਰਨਾ ਪਵੇਗਾ। ਇਸ ਤੋਂ ਇਲਾਵਾ ਸਰਕਾਰ 2024 ਦੇ ਪੱਤਝੜ ਸਮਿਸਟਰ ਤਕ ਕੈਨੇਡੀਅਨ ਡੈਜਿਗਨੇਟਿਡ ਲਰਨਿੰਗ ਇੰਸਟੀਚਿਊਸ਼ਨਾਂ (ਡੀਐਲਆਈਐਸ) ਲਈ ਨਵਾਂ 'ਰੈਕਗਨਾਈਜ਼ਡ ਇੰਸਟੀਚਿਊਸ਼ਨ ਫਰੇਮਵਰਕ' ਲਿਆਵੇਗੀ। ਡੀਐਲਆਈਐਸ ਸੂਬਾ ਤੇ ਟੈਰੀਟੋਰੀਅਲ ਸਰਕਾਰਾਂ ਵਲੋਂ ਕਾਲਜਾਂ, ਯੂਨੀਵਰਸਿਟੀਆਂ ਤੇ ਦੂਸਰੀ ਵਿਦਿਅਕ ਸੰਸਥਾਵਾਂ ਨੂੰ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਸਵਾਗਤ ਕਰਨ ਲਈ ਪ੍ਰਵਾਨਗੀ ਹੁੰਦੀ ਹੈ। ਇਹ ਢਾਂਚਾ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸੇਵਾਵਾਂ, ਸਹਾਇਤਾ ਅਤੇ ਨਤੀਜਿਆਂ ਲਈ ਉੱਚ ਮਿਆਰ ਨਿਰਧਾਰਤ ਕਰੇਗਾ।

# ਫੈਡਰਲ ਇਮੀਗ੍ਰੇਸ਼ਨ ਯੋਜਨਾ ਵਿਚ ਕੈਨੇਡਾ ਦੇ ਛੋਟੇ ਕਸਬਿਆਂ ਵਿਚ ਸਥਾਈ ਨਿਵਾਸ ਦਾ ਰਾਹ ਸ਼ਾਮਿਲ

ਓਟਵਾ-ਇਮੀਗ੍ਰੇਸਨ ਮੰਤਰੀ ਮਾਰਕ ਮਿਲਰ ਨੇ ਕੁਝ ਤਬਦੀਲੀਆਂ ਨਾਲ ਦੇਸ਼ ਦੀਆਂ ਲੋੜਾਂ ਮੁਤਾਬਿਕ ਕੈਨੇਡਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਬਿਹਤਰ ਢੰਗ ਨਾਲ ਜੋੜਨ ਲਈ ਇਕ ਰੂਪ-ਰੇਖਾ ਦਾ ਖੁਲਾਸਾ ਕੀਤਾ ਹੈ ਜਿਸ ਵਿਚ ਨਵੇਂ ਆਏ ਲੋਕਾਂ ਨੂੰ ਛੋਟੇ ਕਸਬਿਆਂ, ਫ੍ਰੈਂਕੋਫੋਨ ਕਮਿਊਨਿਟੀਜ਼, ਪੇਂਡੂ ਇਲਾਕਿਆਂ ਤੇ ਉੱਤਰੀ ਖੇਤਰ ਵਿਚ ਵਸਣ ਲਈ ਉਤਸ਼ਾਹਿਤ ਕਰਨ ਦਾ ਪ੍ਰੋਗਰਾਮ ਸ਼ਾਮਿਲ ਹੈ। ਮਿਲਰ ਨੇ ਪਾਇਲਟ ਪ੍ਰੋਗਰਾਮ ਨੂੰ ਸਥਾਈ ਬਣਾਉਣ ਦੀਆਂ ਯੋਜਨਾਵਾਂ ਦਾ ਖੁਲਾਸਾ ਕੀਤਾ ਜਿਹੜਾ ਪ੍ਰਵਾਸੀਆਂ ਲਈ ਸਥਾਈ ਨਿਵਾਸ ਦਾ ਨਵਾਂ ਰਾਹ ਪੈਦਾ ਕਰਦਾ ਹੈ ਜਿਹੜੇ ਮੂਜ਼ ਜਾਅ ਅਤੇ ਨੌਰਥ ਬੇਅ ਵਰਗੇ ਛੋਟੇ ਸ਼ਹਿਰ ਵਿਚ ਰਹਿ ਕੇ ਕੰਮ ਕਰਨਾ ਚਾਹੁੰਦੇ ਹਨ। ਇਥੇ ਇਕ ਪ੍ਰੈਸ ਕਾਨਫਰੰਸ ਵਿਚ ਮਿਲਰ ਨੇ ਇਹ ਵੀ ਖੁਲਾਸਾ ਕੀਤਾ ਕਿ ਉਹ ਘਰ ਬਣਾਉਣ ਲਈ ਵਿਦੇਸ਼ਾਂ ਤੋਂ ਵਧੇਰੇ ਹੁਨਰਮੰਦ ਉਸਾਰੀ ਕਾਮਿਆਂ ਨੂੰ ਆਕਰਸ਼ਤ ਕਰਨ ਦੇ ਤਰੀਕਿਆਂ ਦੀ ਤਲਾਸ਼ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਇਥੇ ਮਕਾਨ ਉਸਾਰੀ ਦੀ ਮੁਹਾਰਤ ਵਾਲੇ ਬਹੁਤੇ ਕਾਮੇ ਨਹੀਂ ਆ ਰਹੇ ਅਤੇ ਉਹ ਇਹ ਸੋਚ ਰਹੇ ਹਨ ਕਿ ਕੀ ਹੁਨਰਮੰਦ ਪ੍ਰਵਾਸੀਆਂ ਲਈ ਨਵੀਆਂ ਸਟਰੀਮ ਬਣਾਈਆਂ ਜਾ ਸਕਦੀਆਂ ਹਨ ਜਾਂ ਨਹੀਂ। ਓਟਵਾ ਵਿਚ ਰੋਜ਼ਗਾਰ ਤੇ ਹੁਨਰ ਸਹਾਇਤਾ ਦੀ ਪੇਸ਼ਕਸ਼ ਕਰਨ ਵਾਲੇ ਸੈਂਟਰ ਵਿਖੇ ਇਕ ਪ੍ਰੈਸ ਕਾਨਫਰੰਸ ਵਿਚ ਮਿਲਰ ਨੇ ਕਿਹਾ ਕਿ ਨਵੇਂ ਆ ਰਹੇ ਲੋਕਾਂ ਨੂੰ ਸਿਸਟਮ 'ਤੇ ਭਾਰ ਵਜੋਂ ਨਹੀਂ ਸਗੋਂ ਕੈਨੇਡਾ ਦਾ ਲਾਭ ਲਈ ਦੇਖਿਆ ਜਾਵੇ ਪਰ ਉਨ੍ਹਾਂ ਇਹ ਵੀ ਕਿਹਾ ਕਿ ਇਮੀਗ੍ਰੇਸ਼ਨ ਨੂੰ ਲੈ ਕੇ ਸਮਾਜਿਕ ਸਹਿਮਤੀ ਮਹੱਤਵਪੂਰਣ ਹੈ। ਐਨਵਾਇਰੋਨਿਕਸ ਇੰਸਟੀਚਿਊਟ ਵਲੋਂ ਪ੍ਰਕਾਸ਼ਤ ਤਾਜ਼ਾ ਸਰਵੇਖਣ ਵਿਚ ਪਤਾ ਲੱਗਾ ਕਿ ਪ੍ਰਵਾਸ ਲਈ ਸਮਰਥਨ ਪਿਛਲੇ ਸਾਲ ਵਿਚ ਤੇਜ਼ੀ ਨਾਲ ਘਟਿਆ ਹੈ ਕਿਉਂਕਿ ਕੈਨੇਡੀਅਨ ਲੋਕ ਅਫੋਰਡਅਬਿਲਟੀ ਅਤੇ ਮਕਾਨ ਦੀਆਂ ਚਿੰਤਾਵਾਂ ਨੂੰ ਨਵੇਂ ਪ੍ਰਵਾਸੀਆਂ ਦੀ ਇਤਿਹਾਸਕ ਆਮਦ ਨਾਲ ਜੋੜ ਰਹੇ ਹਨ। ਸੈਂਚਰੀ ਇਨੀਸ਼ੇਟਿਵ ਨਾਲ ਮਿਲ ਕੇ 40 ਫ਼ੀਸਦੀ ਕੈਨੇਡੀਅਨ ਸੋਚਦੇ ਹਨ ਕਿ ਇਮੀਗ੍ਰੇਸ਼ਨ ਪੱਧਰ ਬਹੁਤ ਜ਼ਿਆਦਾ ਹੈ ਅਤੇ ਇਸ ਤਰ੍ਹਾਂ ਸੋਚਣ ਵਾਲੇ ਲੋਕਾਂ ਦੀ ਗਿਣਤੀ ਪਿਛਲੇ ਸਾਲ 27 ਫ਼ੀਸਦੀ ਸੀ। ਸੈਂਚਰੀ ਇਨੀਸ਼ੇਟਿਵ ਇਕ ਸੰਗਠਨ ਹੈ ਜਿਹੜਾ ਸੰਨ 2100 ਤਕ ਕੈਨੇਡਾ ਦੀ ਆਬਾਦੀ 10 ਕਰੋੜ ਤਕ ਹੋਣ ਦੀ ਵਕਾਲਤ ਕਰਦਾ ਹੈ। ਇਹ ਸਰਵੇਖਣ 2002 ਕੈਨੇਡੀਅਨਾਂ ਨਾਲ ਟੈਲੀਫੋਨ 'ਤੇ ਗੱਲਬਾਤ ਕਰਕੇ 4 ਤੋਂ 17 ਸਤੰਬਰ ਤਕ ਕੀਤਾ ਗਿਆ।






# ਵਿਰੋਧੀ ਧਿਰਾਂ ਦੇ ਬਾਈਕਾਟ ਦਰਮਿਆਨ ਮੁੱਖ ਮੰਤਰੀ ਨੇ ਖ਼ੁਦ ਸੰਭਾਲੀ ਬਹਿਸ ਦੀ ਸਟੇਜ

(ਸਫ਼ਾ 1 ਦੀ ਬਾਕੀ)

ਖ਼ੁੱਲ੍ਹੀ ਬਹਿਸ ਤੋਂ ਭੱਜ ਗਏ। ਮੁੱਖ ਮੰਤਰੀ ਨੇ ਪੰਜਾਬ ਦਿਵਸ ਦੇ ਹਵਾਲੇ ਨਾਲ ਕਿਹਾ ਕਿ ਪਹਿਲੀ ਨਵੰਬਰ 1966 ਨੂੰ ਪੰਜਾਬ ਹੋਰ ਛੋਟਾ ਹੋਇਆ ਸੀ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਪਿਛਲੀਆਂ ਸਰਕਾਰਾਂ ਨੇ ਕਈ ਅਜਿਹੇ ਫੈਸਲੇ ਲਈ ਜੋ ਰੌਂਗਟੇ ਖੜ੍ਹੇ ਕਰਨ ਵਾਲੇ ਹਨ। ਉਨ੍ਹਾਂ ਕਿਹਾ ਕਿ ਬਹਿਸ ਦਾ ਇਕੋ ਇਕ ਮੰਤਵ ਚਰਚਾ ਹੈ, ਜਿਸ ਨਾਲ ਪੰਜਾਬ ਦਾ ਭਵਿੱਖ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਚੰਗਾ ਹੁੰਦਾ ਕਿ ਵਿਰੋਧੀ ਧਿਰ ਦੇ ਆਗੂ ਅੱਜ ਇੱਥੇ ਆਉਂਦੇ, ਪਰ 20 ਤੋਂ 25 ਦਿਨ ਤੱਕ ਬਹਾਨੇ ਲਗਾਉਣ ਮਗਰੋਂ ਉਹ ਖ਼ੁੱਲ੍ਹੀ ਬਹਿਸ ਤੋਂ ਭੱਜ ਗਏ।

ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਪੰਜਾਬ ਨਾਲ ਹਮੇਸ਼ਾ ਵਿਤਕਰਾ ਕੀਤਾ ਹੈ, ਪਰ ਪੰਜਾਬ ਦੇ ਆਗੂਆਂ ਨੇ ਇਸ ਵਿਸ਼ਵਾਸਘਾਤ ਨੂੰ ਸਹੀ ਠਹਿਰਾਉਣ ਲਈ ਵ੍ਹਾਈਟ ਪੇਪਰ ਲਿਆਂਦਾ ਸੀ। ਮੁੱਖ ਮੰਤਰੀ ਨੇ ਕਿਹਾ ਕਿ 'ਪੰਜਾਬ ਪੁਨਰਗਠਨ ਐਕਟ-1966' ਮੁਤਾਬਕ ਪੰਜਾਬ ਤੇ ਹਰਿਆਣਾ ਦਰਮਿਆਨ ਸਾਰੇ ਅਸਾਸਿਆਂ ਦੀ ਵੰਡ 60:40 ਦੇ ਅਨੁਪਾਤ ਮੁਤਾਬਕ ਹੋਈ ਸੀ, ਪਰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ 24 ਮਾਰਚ 1976 ਨੂੰ ਨੋਟੀਫਿਕੇਸ਼ਨ ਜਾਰੀ ਕਰਕੇ ਧੱਕੇਸ਼ਾਹੀ ਨਾਲ ਪੰਜਾਬ ਤੇ ਹਰਿਆਣਾ ਦਰਮਿਆਨ ਰਾਵੀ-ਬਿਆਸ ਪਾਣੀਆਂ ਦੀ ਵੰਡ 50:50 ਦੇ ਅਨੁਪਾਤ ਨਾਲ ਕਰ ਦਿੱਤੀ, ਜੋ ਸਿੱਧੇ ਤੌਰ ਉਤੇ ਪੰਜਾਬ ਦੇ ਹਿੱਤਾਂ ਖਿਲਾਫ਼ ਸੀ। ਉਨ੍ਹਾਂ ਕਿਹਾ ਕਿ ਉਸ ਮੌਕੇ ਸੂਬੇ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਪੰਜਾਬ ਦੇ ਹਿੱਤਾਂ ਨੂੰ ਅਣਗੌਲਿਆ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਇੱਥੇ ਹੀ ਬੱਸ ਨਹੀਂ, ਸਗੋਂ 16 ਨਵੰਬਰ 1976 ਨੂੰ ਤਤਕਾਲੀ ਮੁੱਖ ਮੰਤਰੀ ਨੇ ਹਰਿਆਣਾ ਤੋਂ ਇਕ ਕਰੋੜ ਰੁਪਏ ਦਾ ਚੈੱਕ ਪ੍ਰਾਪਤ ਕੀਤਾ ਅਤੇ ਐੱਸਵਾਈਐੱਲ ਦੇ ਨਿਰਮਾਣ ਵਿੱਚ ਤੇਜ਼ੀ ਲਿਆਂਦੀ। ਮੁੱਖ ਮੰਤਰੀ ਨੇ ਕਿਹਾ ਕਿ ਸਾਲ 1977 ਵਿੱਚ ਸੱਤਾ ਸੰਭਾਲਣ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਨੇ ਹਰਿਆਣਾ ਨੂੰ ਐੱਸਵਾਈਐੱਲ ਰਾਹੀਂ ਪਾਣੀ ਦੇਣ ਦੇ ਕੰਮ ਨੂੰ ਇਕ ਵਾਰ ਵੀ ਨਹੀਂ ਰੋਕਿਆ। ਉਨ੍ਹਾਂ ਦੱਸਿਆ ਕਿ ਬਾਦਲ ਨੇ 4 ਜੁਲਾਈ, 1978 ਨੂੰ ਪੱਤਰ ਨੰਬਰ 23617 ਰਾਹੀਂ ਐੱਸਵਾਈਐੱਲ ਦੇ ਨਿਰਮਾਣ ਲਈ ਹੋਰ ਤਿੰਨ ਕਰੋੜ ਰੁਪਏ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ 31 ਮਾਰਚ 1979 ਨੂੰ ਤਤਕਾਲੀ ਅਕਾਲੀ ਸਰਕਾਰ ਨੇ ਐੱਸਵਾਈਐੱਲ ਨਹਿਰ ਦੇ ਨਿਰਮਾਣ ਲਈ ਹਰਿਆਣਾ ਸਰਕਾਰ ਪਾਸੋਂ 1.5 ਕਰੋੜ ਦੀ ਰਾਸ਼ੀ ਪ੍ਰਾਪਤ ਕੀਤੀ। ਉਨ੍ਹਾਂ ਕਿਹਾ ਕਿ ਹਰਿਆਣਾ ਵਿਧਾਨ ਸਭਾ ਦੇ ਇਜਲਾਸ (1 ਮਾਰਚ, 1978 ਤੋਂ 7 ਮਾਰਚ, 1978 ਤੱਕ) ਦੌਰਾਨ ਹਰਿਆਣਾ ਦੇ ਤਤਕਾਲੀ ਮੁੱਖ ਮੰਤਰੀ ਚੌਧਰੀ ਦੇਵੀ ਲਾਲ ਨੇ ਕਿਹਾ, 'ਬਾਦਲ ਨਾਲ ਮੇਰੇ ਨਿੱਜੀ ਰਿਸ਼ਤਿਆਂ ਕਾਰਨ ਪੰਜਾਬ ਸਰਕਾਰ ਨੇ ਐੱਸਵਾਈਐੱਲ ਨਹਿਰ ਲਈ ਧਾਰਾ-4 ਅਤੇ ਧਾਰਾ-17 (ਐਮਰਜੈਂਸੀ ਕਲਾਜ਼) ਤਹਿਤ ਜ਼ਮੀਨ ਐਕੁਆਇਰ ਕੀਤੀ ਅਤੇ ਪੰਜਾਬ ਸਰਕਾਰ ਇਸ ਕਾਰਜ ਲਈ ਆਪਣੇ ਵੱਲੋਂ ਪੂਰੀ ਵਾਹ ਲਾ ਰਹੀ ਹੈ।" ਮੁੱਖ ਮੰਤਰੀ ਨੇ ਕਿਹਾ ਕਿ ਇਸ ਤੋਂ ਇਨ੍ਹਾਂ ਲੀਡਰਾਂ ਵੱਲੋਂ ਸੂਬੇ ਨੂੰ ਆਪਣੇ ਪਾਣੀਆਂ ਤੋਂ ਵਾਂਝਾ ਕਰਨ ਦੀ ਆਪਸੀ ਗੰਢਤੁਪ ਦਾ ਪਤਾ ਲਗਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸਾਲ 1997 ਵਿੱਚ ਜਦੋਂ ਪ੍ਰਕਾਸ਼ ਸਿੰਘ ਬਾਦਲ ਮੁੜ ਮੁੱਖ ਮੰਤਰੀ ਬਣੇ ਤਾਂ ਉਨ੍ਹਾਂ ਨੇ ਭਾਖੜਾ ਮੇਨ ਲਾਈਨ ਦੇ ਕਿਨਾਰਿਆਂ ਨੂੰ ਲਗਪਗ ਇਕ ਫੁੱਟ ਉੱਚਾ ਕਰ ਦਿੱਤਾ ਤਾਂ ਕਿ ਹਰਿਆਣਾ ਨੂੰ ਹੋਰ ਪਾਣੀ ਦਿੱਤਾ ਜਾ ਸਕੇ ਅਤੇ ਇਸ ਮੰਤਵ ਲਈ ਹਰਿਆਣਾ ਪਾਸੋਂ 45 ਕਰੋੜ ਰੁਪਏ ਵੀ ਹਾਸਲ ਕੀਤੇ। ਉਨ੍ਹਾਂ ਕਿਹਾ ਕਿ ਬਾਦਲਾਂ ਨੇ ਆਪਣੇ ਖੇਤਾਂ ਲਈ ਹਰਿਆਣਾ ਤੋਂ 6 ਕਿਲੋਮੀਟਰ ਲੰਮੀ 'ਬਾਲਾਸਰ ਨਹਿਰ ਦੀ ਉਸਾਰੀ' ਕਰਵਾਈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਪਾਣੀਆਂ ਦੀ ਵੰਡ ਬਾਰੇ 31 ਦਸੰਬਰ, 1981 ਨੂੰ ਤਤਕਾਲੀ ਮੁੱਖ ਮੰਤਰੀ ਦਰਬਾਰਾ ਸਿੰਘ, ਹਰਿਆਣਾ ਦੇ ਮੁੱਖ ਮੰਤਰੀ ਤੇ ਰਾਜਸਥਾਨ ਦੇ ਮੁੱਖ ਮੰਤਰੀ ਵਿਚਾਲੇ ਇੰਦਰਾ ਗਾਂਧੀ ਦੀ ਹਾਜ਼ਰੀ ਵਿੱਚ ਸਮਝੌਤਾ ਹੋਇਆ ਸੀ ਕਿਉਂਕਿ ਉਸ ਸਮੇਂ ਕੇਂਦਰ ਤੇ ਤਿੰਨਾਂ ਸੂਬਿਆਂ ਵਿੱਚ ਕਾਂਗਰਸ ਦੀਆਂ ਸਰਕਾਰਾਂ ਸਨ। ਸਮਝੌਤੇ ਅਨੁਸਾਰ ਰਾਵੀ-ਬਿਆਸ ਦਾ 75 ਫੀਸਦ ਪਾਣੀ ਗੈਰ-ਰਿਪੇਰੀਅਨ ਰਾਜਾਂ ਹਰਿਆਣਾ ਅਤੇ ਰਾਜਸਥਾਨ ਨੂੰ ਦਿੱਤਾ ਗਿਆ ਅਤੇ ਕਿਸਾਨਾਂ ਦੇ ਸਖ਼ਤ ਵਿਰੋਧ ਦੇ ਬਾਵਜੂਦ ਇੰਦਰਾ ਗਾਂਧੀ ਅਤੇ ਕੈਪਟਨ ਅਮਰਿੰਦਰ ਸਿੰਘ ਨੇ 8 ਅਪਰੈਲ 1982 ਨੂੰ ਚੌਧਰੀ ਬਲਰਾਮ ਜਾਖੜ ਦੀ ਹਾਜ਼ਰੀ ਵਿੱਚ ਚਾਂਦੀ ਦੀ ਕਹੀ ਨਾਲ ਟੱਕ ਲਾਉਣ ਦੀ ਰਸਮ ਅਦਾ ਕਰਕੇ ਐੱਸਵਾਈਐੱਲ ਦੀ ਉਸਾਰੀ ਦਾ ਮੁੱਢ ਬੰਨ੍ਹਿਆ ਸੀ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਰਾਜ ਦੌਰਾਨ ਵੀ ਸ਼੍ਰੋਮਣੀ ਅਕਾਲੀ ਦਲ ਨੇ 24 ਜੁਲਾਈ,1985 ਨੂੰ ਰਾਜੀਵ ਗਾਂਧੀ ਅਤੇ ਅਕਾਲੀ ਆਗੂ ਸੰਤ ਹਰਚੰਦ ਸਿੰਘ ਲੌਂਗੋਵਾਲ ਦਰਮਿਆਨ ਰਾਜੀਵ-ਲੌਂਗੋਵਾਲ ਸਮਝੌਤੇ 'ਤੇ ਦਸਤਖ਼ਤ ਕੀਤੇ ਸਨ। ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਆਪਣੇ ਕਾਰਜਕਾਲ (1985 ਤੋਂ 1987) ਦੌਰਾਨ ਨਾ ਸਿਰਫ਼ ਐੱਸਵਾਈਐੱਲ ਦੀ ਲੰਬਿਤ ਉਸਾਰੀ ਨੂੰ ਯਕੀਨੀ ਬਣਾਇਆ, ਸਗੋਂ ਇਸ ਸਮੇਂ ਦੌਰਾਨ ਨਹਿਰ ਦੀ ਉਸਾਰੀ ਦਾ ਜ਼ਿਆਦਾਤਰ ਕੰਮ ਮੁਕੰਮਲ ਵੀ ਹੋਇਆ। ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਲਈ ਜ਼ਮੀਨ ਐਕੁਆਇਰ ਕਰਕੇ ਐੱਸਵਾਈਐੱਲ ਦੀ ਉਸਾਰੀ ਦਾ ਮੁੱਢ ਬੰਨ੍ਹਣ ਦਾ ਸਿਹਰਾ ਪ੍ਰਕਾਸ਼ ਸਿੰਘ ਬਾਦਲ ਨੂੰ ਜਾਂਦਾ ਹੈ ਜਦੋਂ ਕਿ ਅਕਾਲੀ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਨਹਿਰ ਦੀ ਉਸਾਰੀ ਦਾ ਕੰਮ ਮੁਕੰਮਲ ਕਰਵਾਇਆ। ਮੁੱਖ ਮੰਤਰੀ ਨੇ ਟਰਾਂਸਪੋਰਟ ਘਪਲਿਆਂ ਦਾ ਮੁੱਦਾ ਵੀ ਰੱਖਿਆ। ਉਨ੍ਹਾਂ ਕਿਹਾ ਕਿ ਪਹਿਲੀਆਂ ਸਰਕਾਰਾਂ 'ਚ ਬਾਦਲਾਂ ਨੇ ਆਪਣੀਆਂ ਬੱਸਾਂ ਚਲਾਈਆਂ। ਸਰਕਾਰੀ ਟਰਾਂਸਪੋਰਟ ਨੂੰ ਘਾਟੇ 'ਚ ਰੱਖਿਆ।




## ਆਮ ਲੋਕਾਂ ਨੂੰ ਖੁੱਲ੍ਹੀ ਬਹਿਸ ਵਾਲੇ ਹਾਲ ਵਿਚ ਜਾਣ ਤੋਂ ਰੋਕਿਆ

ਲੁਧਿਆਣਾ-ਪੰਜਾਬ ਦਿਵਸ ਮੌਕੇ ਰੱਖੀ ਗਈ 'ਖ਼ੁੱਲ੍ਹੀ ਬਹਿਸ' ਵਿੱਚ ਸ਼ਾਮਲ ਹੋਣ ਲਈ ਭਾਵੇਂ ਮੁੱਖ ਮੰਤਰੀ ਭਗਵੰਤ ਮਾਨ ਤੇ 'ਆਪ' ਆਗੂਆਂ ਨੇ ਲੋਕਾਂ ਨੂੰ ਖ਼ੁੱਲ੍ਹਾ ਸੱਦਾ ਦਿੱਤਾ ਸੀ ਪਰ ਸਮਾਗਮ ਵਿੱਚ ਅੱਜ ਕੁੱਝ ਖਾਸ ਲੋਕਾਂ ਨੂੰ ਹੀ ਜਾਣ ਦਿੱਤਾ ਗਿਆ। ਬਹਿਸ ਵਿੱਚ ਸ਼ਾਮਲ ਹੋਣ ਲਈ ਆਏ ਆਮ ਲੋਕਾਂ ਨੂੰ ਪੁਲੀਸ ਨੇ ਗੇਟ 'ਤੇ ਹੀ ਰੋਕ ਲਿਆ। ਇੱਥੇ ਸਿਰਫ਼ ਪਹਿਲਾਂ ਤੋਂ ਤਿਆਰ ਕੀਤੀ ਗਈ ਲਿਸਟ ਵਿੱਚ ਨਾਂ ਦੇਖ ਕੇ ਹੀ ਲੋਕਾਂ ਨੂੰ ਅੰਦਰ ਜਾਣ ਦਿੱਤਾ ਜਾ ਰਿਹਾ ਸੀ। ਬਾਕੀ ਲੋਕਾਂ ਨੂੰ ਬੇਰੰਗ ਮੁੜਨਾ ਪਿਆ। ਇਸ ਦੌਰਾਨ ਆਮ ਆਦਮੀ ਪਾਰਟੀ ਦੇ ਕੁੱਝ ਪੁਰਾਣੇ ਵਾਲੰਟੀਅਰ ਵੀ ਬਾਹਰ ਖੜ੍ਹੇ ਹੀ ਨਜ਼ਰ ਆਏ। ਉਹ ਖ਼ੁੱਲ੍ਹ ਕੇ ਭਾਵੇਂ ਕੁਝ ਨਹੀਂ ਬੋਲੇ, ਪਰ ਇਨਾ ਜ਼ਰੂਰ ਕਹਿੰਦੇ ਰਹੇ ਕਿ ਹੁਣ ਪਾਰਟੀ ਵਿੱਚ ਤਬਦੀਲੀ ਆ ਗਈ ਹੈ। ਖ਼ੁੱਲ੍ਹੀ ਬਹਿਸ ਵਿੱਚ ਆਮ ਲੋਕਾਂ ਦੀ ਸ਼ਮੂਲੀਅਤ ਹੋਣ ਦੀ ਗੱਲ ਸੁਣ ਕੇ ਇੱਥੇ ਕਾਫ਼ੀ ਸੱਜਣ ਪੁੱਜ ਗਏ ਪਰ ਇਨ੍ਹਾਂ ਨੂੰ ਅੰਦਰ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਖ਼ੁੱਲ੍ਹੀ ਬਹਿਸ ਵਿੱਚ ਸ਼ਾਮਲ ਹੋਣ ਲਈ ਪੁੱਜੇ ਸਿਮਰਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਪੁਲੀਸ ਵੱਲੋਂ ਇਨਸਾਫ਼ ਨਹੀਂ ਮਿਲ ਰਿਹਾ ਹੈ। ਇਸ ਕਰਕੇ ਉਹ ਆਪਣੀ ਗੱਲ ਮੁੱਖ ਮੰਤਰੀ ਨੂੰ ਦੱਸਣ ਆਏ ਸਨ ਪਰ ਉਨ੍ਹਾਂ ਨੂੰ ਅੰਦਰ ਨਹੀਂ ਜਾਣ ਦਿੱਤਾ ਗਿਆ। ਪੀਏਯੂ ਦੇ ਗੇਟ ਨੰਬਰ ਇੱਕ ਦੇ ਬਾਹਰ ਖੜ੍ਹੇ ਕਮਲ ਕਪੂਰ, ਪਰਮਿੰਦਰ ਸਿੰਘ, ਅਵਿਨਾਸ਼ ਨੇ ਦੱਸਿਆ ਕਿ ਉਹ ਚਾਹੁੰਦੇ ਸਨ ਕਿ ਉਹ ਵੀ ਬਹਿਸ ਦਾ ਹਿੱਸਾ ਬਣਨ ਪਰ ਪੁਲੀਸ ਵੱਲੋਂ ਉਨ੍ਹਾਂ ਨੂੰ ਅੰਦਰ ਨਹੀਂ ਜਾਣ ਦਿੱਤਾ ਗਿਆ।


### ਭਗਵੰਤ ਮਾਨ ਨੇ ਦਰਿਆਈ ਪਾਣੀਆਂ 'ਤੇ ਬਾਹਰਲੇ ਸੂਬਿਆਂ ਦੇ ਹੱਕ ਕਬੂਲੇ-ਡਾ. ਚੀਮਾ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ ਦਰਿਆਈ ਪਾਣੀਆਂ 'ਤੇ ਰਾਜਸਥਾਨ ਤੇ ਹਰਿਆਣਾ ਦੇ ਹੱਕ ਕਬੂਲ ਕੇ ਸਤਲੁਜ ਯਮੁਨਾ ਲਿੰਕ (ਐਸਵਾਈਐਲ) ਨਹਿਰ 'ਤੇ ਪੰਜਾਬ ਦੇ ਸਟੈਂਡ 'ਤੇ ਸਮਝੌਤਾ ਕੀਤਾ ਹੈ। ਇੱਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਅਕਾਲੀ ਦਲ ਦੇ ਅਕਾਲੀ ਆਗੂਆਂ ਬਲਵਿੰਦਰ ਸਿੰਘ ਭੂੰਦੜ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਡਾ. ਦਲਜੀਤ ਸਿੰਘ ਚੀਮਾ ਤੇ ਵਿਰਸਾ ਸਿੰਘ ਵਲਟੋਹਾ ਨੇ ਮੁੱਖ ਮੰਤਰੀ 'ਤੇ ਮਰਹੂਮ ਪ੍ਰਕਾਸ਼ ਸਿੰਘ ਬਾਦਲ ਖ਼ਿਲਾਫ਼ ਕੂੜ ਪ੍ਰਚਾਰ ਕਰਨ ਦੇ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਇੱਕ ਦਿਨ ਦੇ ਪ੍ਰਚਾਰ 'ਤੇ 30 ਕਰੋੜ ਰੁਪਏ ਖ਼ਰਚ ਦਿੱਤੇ। ਅਕਾਲੀ ਆਗੂਆਂ ਨੇ ਮੁੱਖ ਮੰਤਰੀ ਨੂੰ ਚੁਣੌਤੀ ਦਿੱਤੀ ਕਿ ਦਰਿਆਈ ਪਾਣੀਆਂ ਦੇ ਮਾਮਲੇ 'ਤੇ ਸ੍ਰੀ ਬਾਦਲ ਉੱਤੇ ਲਾਏ ਦੋਸ਼ਾਂ ਸਬੰਧੀ ਸ੍ਰੀ ਮਾਨ ਆਪਣਾ ਦਾਅਵਾ ਸੱਚ ਸਾਬਤ ਕਰਨ ਜਾਂ ਫਿਰ ਮੁਆਫ਼ੀ ਮੰਗਣ। ਅਕਾਲੀ ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬੀਆਂ ਨੂੰ ਇਹ ਦੱਸਣ ਵਿਚ ਵੀ ਨਾਕਾਮ ਰਹੇ ਹਨ ਕਿ ਉਹ ਸੂਬੇ ਦੇ ਦਰਿਆਈ ਪਾਣੀਆਂ ਦੀ ਰਾਖੀ ਕਿਵੇਂ ਕਰਨਗੇ।।

### ਬਾਜਵਾ ਨੇ ਬਹਿਸ ਨੂੰ 'ਡਰਾਮਾ' ਕਰਾਰ ਦਿੱਤਾ

ਚੰਡੀਗੜ੍ਹ-ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਬੁਲਾਈ ਗਈ 'ਖ਼ੁੱਲ੍ਹੀ ਬਹਿਸ' ਨੂੰ ਡਰਾਮਾ ਕਰਾਰ ਦਿੰਦਿਆਂ ਕਿਹਾ ਕਿ 'ਆਪ' ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇੱਕ ਵਾਰ ਫਿਰ ਪੰਜਾਬ ਦੇ ਦਰਿਆਈ ਪਾਣੀਆਂ ਦੀ ਲੁੱਟ 'ਤੇ ਆਪਣੀ ਬੇਈਮਾਨੀ ਦਾ ਪ੍ਰਗਟਾਵਾ ਕੀਤਾ ਹੈ। ਸ੍ਰੀ ਬਾਜਵਾ ਨੇ ਕਿਹਾ ਕਿ ਬਹਿਸ ਤੋਂ ਇੱਕ ਰਾਤ ਪਹਿਲਾਂ ਮੁੱਖ ਮੰਤਰੀ ਨੇ ਆਪਣੀ ਐਕਸ ਪੋਸਟ ਰਾਹੀਂ ਸਤਲੁਜ ਯਮੁਨਾ ਲਿੰਕ (ਐੱਸਵਾਈਐੱਲ) ਨਹਿਰ ਤੋਂ ਬਹਿਸ ਦਾ ਵਿਸ਼ਾ ਬਦਲ ਕੇ ਨਸ਼ਾਖੋਰੀ, ਵਧਦੇ ਗੈਂਗਸਟਰਵਾਦ ਅਤੇ ਬੇਰੁਜ਼ਗਾਰੀ ਸਣੇ ਚਾਰ ਮੁੱਦਿਆਂ ਕੇਂਦਰਤ 'ਤੇ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਨਿੰਦਣਯੋਗ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਆਪਣੀ ਐਕਸ ਪੋਸਟ ਹਿੰਦੀ ਭਾਸ਼ਾ ਵਿੱਚ ਲਿਖੀ। ਸ੍ਰੀ ਬਾਜਵਾ ਨੇ ਕਿਹਾ ਕਿ ਹਿੰਦੀ ਵਿੱਚ ਪਾਈ ਪੋਸਟ ਨਾਲ ਮੁੱਖ ਮੰਤਰੀ ਹਰਿਆਣਾ ਦੇ ਲੋਕਾਂ ਨੂੰ ਦੱਸਣਾ ਚਾਹੁੰਦੇ ਹਨ ਕਿ 'ਆਪ' ਪੰਜਾਬ ਸਤਲੁਜ ਯਮੁਨਾ ਲਿੰਕ ਨਹਿਰ ਦੇ ਮੁੱਦੇ 'ਤੇ ਚਰਚਾ ਕਰਨ ਵਿੱਚ ਬਿਲਕੁਲ ਵੀ ਦਿਲਚਸਪੀ ਨਹੀਂ ਰੱਖਦੀ।

India Bookworld
Shop Online At:
www.indiabookworld.ca


ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।




604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ


• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਪੰਜਾਬ ਦੇ ਪਾਣੀਆਂ ਦੇ ਮੁੱਦੇ ਉਪਰ ਖੁੱਲ੍ਹੀ ਬਹਿਸ ਨਹੀਂ ਇਕਮੱਤ ਤੇ ਇਕਮੁੱਠਤਾ ਦੀ ਵਧੇਰੇ ਲੋੜ

**ਸੁਖਵਿੰਦਰ ਸਿੰਘ ਚੋਹਲਾ**

ਪੰਜਾਬ ਦੇ ਪਾਣੀਆਂ ਨੂੰ ਗਵਾਂਢੀ ਸੂਬੇ ਹਰਿਆਣਾ ਅਤੇ ਰਾਜਸਥਾਨ ਨਾਲ ਵੰਡ ਨੂੰ ਲੈਕੇ ਅਣਵੰਡੇ ਪੰਜਾਬ ਤੋਂ ਚੱਲੀ ਆ ਰਹੀ ਧੋਖੇ ਤੇ ਧੱਕੇ ਦੀ ਕਹਾਣੀ ਕਿਸੇ ਤੋਂ ਗੁੱਝੀ ਨਹੀਂ ਹੈ। 1966 ਵਿਚ ਪੰਜਾਬ ਦੇ ਪੁਨਰਗਠਨ ਤੋਂ ਬਾਦ ਨਵੇਂ ਬਣੇ ਸੂਬੇ ਹਰਿਆਣਾ ਨੂੰ ਪੰਜਾਬ ਦੇ ਪਾਣੀਆਂ ਚੋ ਹਿੱਸੇ ਨੂੰ ਲੈਕੇ ਲੜਾਈ ਨੇ ਕਈ ਅਣਸੁਖਾਵੇਂ ਮੰਜ਼ਰ ਵੇਖੇ ਹਨ।ਇਸ ਲੜਾਈ ਦੌਰਾਨ ਸਿਆਸੀ ਪਾਰਟੀਆਂ ਅਤੇ ਉਹਨਾਂ ਦੇ ਆਗੂਆਂ ਵਲੋਂ ਨਿਭਾਈ ਗਈ ਭੂਮਿਕਾ ਨੂੰ ਲੈਕੇ ਕਈ ਤਰਾਂ ਦੀਆਂ ਚਰਚਾਵਾਂ ਹਨ। ਹਰਿਆਣਾ ਨੂੰ ਸਤਲੁਜ ਯਮੁਨਾ ਲਿੰਕ ਨਹਿਰ ਰਾਹੀਂ ਪਾਣੀ ਦਿੱਤੇ ਜਾਣ ਦਾ ਤਤਕਾਲੀ ਕੇਂਦਰੀ ਸਰਕਾਰ ਵਲੋਂ ਜਬਰੀ ਠੋਸਿਆ ਗਿਆ ਫੈਸਲਾ ਅੱਜ ਵੀ ਜਿਥੇ ਸਿਆਸੀ ਪਾਰਟੀਆਂ ਤੇ ਆਗੂਆਂ ਲਈ ਇਕ ਸਿਆਸੀ ਖੇਡ ਬਣਿਆ ਹੋਇਆ ਹੈ ਉਥੇ ਦੋਵਾਂ ਰਾਜਾਂ ਦੇ ਲੋਕਾਂ ਵਿਚਾਲੇ ਨਫਰਤ ਤੇ ਵੰਡੀਆਂ ਵਧਾਉਣ ਦਾ ਵੀ ਕਾਰਣ ਬਣਦਾ ਆ ਰਿਹਾ ਹੈ।

ਇਸ ਨਫਰਤ ਦੇ ਬੀਜ਼ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ 1975 ਵਿਚ ਐਮਰਜੈਂਸੀ ਦੌਰਾਨ ਇਕਤਰਫਾ ਫੈਸਲੇ ਤਹਿਤ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਰਾਹੀਂ ਹਰਿਆਣਾ ਨੂੰ ਪੰਜਾਬ ਦੇ ਪਾਣੀਆਂ ਚੋ ਹਿੱਸਾ ਦੇਣ ਨਾਲ ਬੋਏ ਗਏ ਸਨ। ਤਜਵੀਜ਼ਸ਼ੁਦਾ ਐਸ ਵਾਈ ਐਲ ਪੰਜਾਬ ਵਿਚ ਰੋਪੜ ਤੋਂ ਉਪਰ ਸਤਲੁਜ ਤੋਂ ਸ਼ੁਰੂ ਹੋਕੇ ਹਰਿਆਣਾ ਦੇ ਕਰਨਾਲ ਜਿਲੇ ਵਿਚ ਯਮੁਨਾ ਨਾਲ ਕੁਲ 211 ਕਿਲੋਮੀਟਰ ਲੰਬੀ ਨਹਿਰ ਬਣਾਉਣ ਦੀ ਸੀ। ਹਰਿਆਣਾ ਵਲੋਂ ਆਪਣੇ ਹਿੱਸੇ ਦੀ 92 ਕਿਲੋਮੀਟਰ ਨਹਿਰ ਜੂਨ 1980 ਵਿਚ ਮੁਕੰਮਲ ਕਰ ਲਈ ਗਈ ਤੇ ਫਿਰ ਹਰਿਆਣਾ ਵਲੋਂ ਪੰਜਾਬ ਦੇ ਹਿੱਸੇ ਦੀ 121 ਕਿਲਮੀਟਰ ਨਹਿਰ ਦੀ ਉਸਾਰੀ ਲਈ ਜੋਰ ਪਾਇਆ ਗਿਆ। ਪੰਜਾਬ ਵਿਚ ਕਾਂਗਰਸੀ ਸਰਕਾਰ ਦੇ ਹੁੰਦਿਆਂ ਅਪ੍ਰੈਲ 1982 ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਪਟਿਆਲਾ ਜਿਲੇ ਦੇ ਪਿੰਡ ਕਪੂਰੀ ਦੇ ਸਥਾਨ ਤੇ ਨਹਿਰ ਦੀ ਉਸਾਰੀ ਲਈ ਟੱਕ ਲਗਾਇਆ ਗਿਆ। ਨਹਿਰ ਦੀ ਉਸਾਰੀ ਦੇ ਕੰਮ ਦਾ ਅਕਾਲੀ ਦਲ ਵਲੋਂ ਵਿਰੋਧ ਕਰਦਿਆਂ ਕਪੂਰੀ ਮੋਰਚਾ ਲਗਾ ਦਿੱਤਾ ਗਿਆ। ਇਸ ਮੋਰਚੇ ਤੋਂ ਸ਼ੁਰੂ ਹੋਕੇ ਪੰਜਾਬ ਦੇ ਹੱਕਾਂ ਹਿੱਤਾਂ ਦੀ ਇਹ ਲੜਾਈ,ਕਿਵੇਂ ਹਿੰਸਾ ਤੇ ਖੂਨ ਖਰਾਬੇ ਦੇ ਇਕ ਕਾਲੇ ਦੌਰ ਵਿਚ ਜਾ ਦਾਖਲ ਹੋਈ । ਕਪੂਰੀ ਨਹਿਰ ਤੇ ਕੰਮ ਕਰਦੇ ਮਜ਼ਦੂਰਾਂ ਦੀ ਸਮੂਹਿਕ ਹੱਤਿਆ ਉਪਰੰਤ 1990 ਵਿਚ ਚੀਫ ਇੰਜੀਨੀਅਰ ਦੀ ਹੱਤਿਆ ਉਪਰੰਤ ਹਿੰਸਾ ਦੇ ਇਕ ਲੰਬੇ ਦੌਰ ਨੂੰ ਪੰਜਾਬ ਨੇ ਆਪਣੇ ਪਿੰਡੇ ਉਪਰ ਹੰਢਾਇਆ ਹੈ। ਕਪੂਰੀ ਮੋਰਚੇ ਉਪਰੰਤ ਪੰਜਾਬ ਵਿਚ ਪੈਦਾ ਹੋਈ ਖਾੜਕੂਵਾਦ ਤੇ ਹਿੰਸਾ ਦੀ ਲਹਿਰ ਤੇ ਲੰਬਾ ਸਮਾਂ ਗਵਰਨਰੀ ਰਾਜ ਉਪਰੰਤ ਮੁੜ ਵੋਟਾਂ ਰਾਹੀਂ ਸਰਕਾਰਾਂ ਬਣੀਆਂ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵਲੋਂ ਸਾਲ 2004 ਵਿਚ ਪਾਣੀਆਂ ਦੀ ਵੰਡ ਸਬੰਧੀ ਸਮਝੌਤਾ ਰੱਦ ਕਰਦਿਆਂ ਵਿਧਾਨ ਸਭਾ ਵਿਚ ਕਨੂੰਨ ਪਾਸ ਕਰ ਦਿੱਤਾ ਗਿਆ। ਇਸਤੋਂ ਅੱਗੇ 2017 ਵਿਚ ਅਕਾਲੀ ਦਲ ਦੀ ਸਰਕਾਰ ਨੇ ਐਸ ਵਾਈ ਐਲ ਨਹਿਰ ਦੀ



ਉਸਾਰੀ ਲਈ ਅਕਵਾਇਰ ਕੀਤੀ ਜ਼ਮੀਨ ਨੂੰ ਡੀਨੋਟੀਫਾਈ ਕਰਕੇ ਕਿਸਾਨਾਂ ਨੂੰ ਉਹਨਾਂ ਦੀਆਂ ਜ਼ਮੀਨਾਂ ਵਾਪਿਸ ਕਰਦਿਆਂ ਭਵਿੱਖ ਵਿਚ ਨਹਿਰ ਦੀ ਉਸਾਰੀ ਦਾ ਰਸਤਾ ਬੰਦ ਕਰ ਦਿੱਤਾ। ਪਰ ਇਸ ਦੌਰਾਨ ਹਰਿਆਣਾ ਵਲੋਂ ਸੁਪਰੀਮ ਕੋਰਟ ਵਿਚ ਪੰਜਾਬ ਤੋ ਆਪਣੇ ਹਿੱਸੇ ਦਾ ਪਾਣੀ ਲੈਣ ਅਤੇ ਨਹਿਰ ਦੀ ਉਸਾਰੀ ਸ਼ੁਰੂ ਕਰਵਾਉਣ ਲਈ ਕਨੂੰਨੀ ਚਾਰਾਜੋਈ ਜਾਰੀ ਰਹੀ। ਸੁਪਰੀਮ ਕੋਰਟ ਵਲੋਂ ਕੇਂਦਰ ਸਰਕਾਰ ਨੂੰ ਦੋਵਾਂ ਰਾਜਾਂ ਦੇ ਮੁੱਖ ਮੰਤਰੀਆਂ ਵਿਚਾਲੇ ਗੱਲਬਾਤ ਰਾਹੀਂ ਮਸਲੇ ਦਾ ਹੱਲ ਕੱਢਣ ਦੀ ਹਦਾਇਤ ਕੀਤੀ ਗਈ। ਪਿਛਲੇ ਸਮੇਂ ਦੌਰਾਨ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਦੀਆਂ ਦੋ ਮੀਟਿੰਗਾਂ ਹੋ ਚੁੱਕੀਆਂ ਹਨ ਜੋ ਦੋਵਾਂ ਵਲੋਂ ਪਾਣੀ ਲੈਣ ਅਤੇ ਪਾਣੀ ਦੀ ਇਕ ਵਾਧੂ ਬੂੰਦ ਨਾ ਹੋਣ ਦੀ ਰੱਟ ਕਾਰਣ ਬੇਸਿੱਟਾ ਰਹੀਆਂ ਹਨ। ਹੁਣ ਸੁਪਰੀਮ ਕੋਰਟ ਨੇ ਇਕ ਤਾਜਾ ਹੁਕਮ ਜਾਰੀ ਕਰਦਿਆਂ ਕੇਂਦਰੀ ਟੀਮ ਨੂੰ ਪੰਜਾਬ ਦੇ ਹਿੱਸੇ ਵਾਲੀ ਨਹਿਰ ਦਾ ਸਰਵੇਖਣ ਕਰਨ ਦੇ ਆਦੇਸ਼ ਦਿੱਤੇ ਹਨ। ਸੁਪਰੀਮ ਕੋਰਟ ਦੇ ਇਹਨਾਂ ਤਾਜਾ ਆਦੇਸ਼ਾਂ ਨੇ ਪੰਜਾਬ ਸਰਕਾਰ ਅਤੇ ਸਿਆਸੀ ਪਾਰਟੀਆਂ ਵਿਚਾਲੇ ਵੱਡੀ ਹਲਚਲ ਪੈਦਾ ਕਰ ਦਿੱਤੀ ਹੈ।

ਮੁੱਖ ਮੰਤਰੀ ਭਗਵੰਤ ਮਾਨ ਵਲੋਂ ਇਸ ਮੁੱਦੇ ਉਪਰ ਪੰਜਾਬ ਦੀਆਂ ਸਿਆਸੀ ਪਾਰਟੀਆਂ ਨੂੰ ਇਕਮੁੱਠ ਕਰਨ ਦੀ ਬਿਜਾਏ ਖੁੱਲੀ ਬਹਿਸ ਦਾ ਸੱਦਾ ਦਿੱਤਾ ਗਿਆ ਹੈ। ਉਹਨਾਂ ਵਲੋ ਇਸ ਬਹਿਸ ਲਈ ਸਿਆਸੀ ਪਾਰਟੀਆਂ ਤੇ ਆਗੂਆਂ ਨੂੰ ਸੱਦਾ ਦਿੰਦਿਆਂ ਜਿਸ ਕਟਾਖਸ਼ ਭਰੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ, ਉਸਨੇ ਸਿਆਸੀ ਪਾਰਟੀਆਂ ਨੂੰ ਇਕਮੁੱਠ ਹੋਣ ਦੀ ਥਾਂ ਇਕ ਦੂਸਰੇ ਖਿਲਾਫ ਤੋਹਤਮਬਾਜੀ ਲਗਾਉਣ ਵੱਲ ਵਧੇਰੇ ਉਕਸਾਇਆ ਹੈ। ਮੁੱਖ ਮੰਤਰੀ ਵਲੋਂ ਪਹਿਲੀ ਨਵੰਬਰ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਕੈਂਪਸ ਵਿਚ ਇਸ ਮੁੱਦੇ ਉਪਰ 'ਖੁੱਲ੍ਹੀ ਬਹਿਸ' ਦੇ ਸੱਦੇ ਤੋਂ ਪਹਿਲਾਂ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦਾ ਵੀ ਐਲਾਨ ਕੀਤਾ ਗਿਆ ਸੀ ਜਿਸਨੂੰ ਰਾਜਪਾਲ ਨੇ ਗੈਰਕਨੂੰਨੀ ਕਹਿੰਦਿਆਂ ਮਨਜੂਰੀ ਨਹੀ ਸੀ ਦਿੱਤੀ। ਚਾਹੀਦਾ ਤਾਂ ਸੀ ਕਿ ਮੁੱਖ ਮੰਤਰੀ ਸੁਪਰੀਮ ਕੋਰਟ ਅਤੇ ਕੇਂਦਰ ਸਰਕਾਰ ਕੋਲ ਪੰਜਾਬ ਦੇ ਪੱਖ ਨੂੰ ਮਜ਼ਬੂਤੀ ਨਾਲ ਪੇਸ਼ ਕਰਨ ਲਈ ਸਰਬ ਪਾਰਟੀ ਮੀਟਿੰਗ ਬੁਲਾਉਂਦੇ, ਉਹਨਾਂ ਦੀ ਸਲਾਹ ਲੈਂਦੇ ਤੇ ਅਗਲੀ ਕਾਰਵਾਈ ਲਈ ਕੋਈ ਰੂਪ ਰੇਖਾ ਐਲਾਨਦੇ। ਪਰ ਉਹਨਾਂ ਨੇ ਅਜਿਹਾ ਨਹੀ ਕੀਤਾ ਬਲਕਿ ਖੁੱਲੀ ਬਹਿਸ ਦਾ ਸੱਦਾ ਦਿੱਤਾ ਹੈ ਜਿਸਤੋ ਸਮਝਣਾ ਬਣਦਾ ਹੈ ਕਿ ਉਹ ਵੀ ਇਸ ਮੁੱਦੇ ਉਪਰ ਬੀਤੇ ਵਿਚ ਸਿਆਸਤਦਾਨਾਂ ਵਲੋਂ ਖੇਡੀ ਗਈ ਖੇਡ ਤੋਂ ਕੁਝ ਵੱਖਰਾ ਨਹੀ ਕਰ ਰਹੇ। ਇਤਿਹਾਸ ਗਵਾਹ ਹੈ ਕਿ ਪੰਜਾਬ ਦੇ ਪਾਣੀਆਂ ਦੇ ਮੁੱਦੇ ਉਪਰ ਵੱਖ- ਵੱਖ ਸਮੇਂ ਸਿਆਸੀ ਪਾਰਟੀਆਂ, ਆਗੂਆਂ ਤੇ ਤਤਕਾਲੀ ਸਰਕਾਰਾਂ ਦੇ ਸੌੜੇ ਹਿੱਤਾਂ ਕਾਰਣ ਇਹ ਮਸਲਾ ਅੱਜ ਤੱਕ ਸੁਲਝ ਨਹੀ ਸਕਿਆ ਬਲਕਿ ਕੋਈ ਵੀ ਫੈਸਲਾ ਜਾਂ ਐਲਾਨ ਵੋਟ ਰਾਜਨੀਤੀ ਤੋਂ ਹੀ ਪ੍ਰੇਰਿਤ ਰਿਹਾ ਹੈ। ਮੁੱਖ ਮੰਤਰੀ ਵਲੋਂ ਇਸ ਮੁੱਦੇ ਉਪਰ ਖੁੱਲੀ ਬਹਿਸ ਦੇ ਸੱਦੇ ਵਿਚ ਵਿਰੋਧੀ ਪਾਰਟੀਆਂ ਨੂੰ ਨੀਵਾਂ ਵਿਖਾਏ ਜਾਣ ਦੇ ਸਿਰਜੇ ਜਾ ਰਹੇ ਪ੍ਰਭਾਵ ਕਾਰਣ ਕੁਝ ਸਿਆਸੀ ਪਾਰਟੀਆਂ ਤੇ ਆਗੂ ਦੁਬਿਧਾ ਵਿਚ ਹਨ। ਚਰਚਾ ਹੈ ਕਿ ਬਹਿਸ ਸਮਾਗਮ ਦਾ ਸਾਰਾ ਕੰਟਰੋਲ ਆਮ ਆਦਮੀ ਪਾਰਟੀ ਅਤੇ ਸਰਕਾਰੀ ਹੱਥਾਂ ਵਿਚ ਹੋਣ ਕਾਰਣ ਵਿਰੋਧੀ ਧਿਰਾਂ ਦੇ ਸਮਰਥਕਾਂ ਦਾ ਸਮਾਗਮ ਵਿਚ ਪੁੱਜਣਾ ਸਹਿਜ ਨਹੀ ਹੋਵੇਗਾ। ਇਸ ਲਈ ਇਹ ਬਹਿਸ ਵੀ ਸਰਕਾਰੀ ਹੋਵੇਗੀ ਤੇ ਤਾੜੀਆਂ ਮਾਰਨ ਤੇ ਵਿਰੋਧੀਆਂ ਦੀ ਹੂਟਿੰਗ ਲਈ ਤਿਆਰ ਬੈਠੇ ਸਰੋਤੇ ਵੀ ਉਹਨਾਂ ਦੇ ਆਪਣੇ।

ਸਰਕਾਰ ਅਤੇ ਆਮ ਆਦਮੀ ਪਾਰਟੀ ਆਪਣੇ ਸਿਆਸੀ ਮੁਫਾਦਾਂ ਨੂੰ ਤਰਜੀਹ ਤਹਿਤ ਹੀ ਖੁੱਲੀ ਬਹਿਸ ਦੀ ਰੂਪ ਰੇਖਾ ਉਲੀਕੀ ਬੈਠੀ ਹੈ ਪਰ ਇਸ ਦੌਰਾਨ ਪੰਜਾਬ ਦੇ ਹਿੱਤਾਂ ਪ੍ਰਤੀ ਸੁਚੇਤ ਕੁਝ ਸੰਸਥਾਵਾਂ ਜਿਥੇ ਗੰਭੀਰ ਸੰਵਾਦ ਛੇੜਨ ਦੀ ਗੱਲ ਕਰ ਰਹੀਆਂ ਹਨ ਉਥੇ ਸਿਆਸੀ ਪਾਰਟੀਆਂ ਨੂੰ ਇਕ ਮੰਚ ਉਪਰ ਇਕੱਤਰ ਕਰਨ ਦੀਆਂ ਕੋਸ਼ਿਸ਼ਾਂ ਵੀ ਹਨ। ਬੀਤੇ ਦਿਨੀ ਸਾਰਥੀ ਨਾਮ ਦੀ ਇਕ ਸਮਾਜਿਕ ਸੰਸਥਾ ਨੇ "ਪੰਜਾਬ ਦੇ ਪਾਣੀ: ਸੰਕਟ ਦਾ ਸੱਚ" ਵਿਸ਼ੇ 'ਤੇ ਵਿਸ਼ੇਸ਼ ਚਰਚਾ ਦਾ ਆਯੋਜਨ ਕਰਦਿਆਂ ਪੰਜਾਬ ਦੀਆਂ ਵਿਰੋਧੀ ਧਿਰਾਂ ਲਈ ਇਕ ਮੰਚ ਪ੍ਰਦਾਨ ਕਰਨ ਦਾ ਯਤਨ ਕੀਤਾ ਹੈ। ਇਸ ਮੌਕੇ ਬੁਲਾਰਿਆਂ ਨੇ ਪੰਜਾਬ ਦੇ ਪਾਣੀਆਂ ਉਪਰ ਬੇਇਨਸਾਫੀ ਖਿਲਾਫ ਹੱਕੀ ਲੜਾਈ ਲਈ ਸਾਰੀਆਂ ਧਿਰਾਂ ਨੂੰ ਇਕਮੁੱਠ ਹੋਣ ਦਾ ਸੱਦਾ ਦਿੱਤਾ ਹੈ। ਉਘੇ ਬੁੱਧੀਜੀਵੀਆਂ ਤੇ ਪ੍ਰਮੁੱਖ ਸਿਆਸੀ ਆਗੂਆਂ ਨੇ ਚਰਚਾ ਵਿਚ ਹਿੱਸਾ ਲੈਂਦਿਆਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਉਹ ਸੌੜੀ ਸਿਆਸਤ ਤੋਂ ਪ੍ਰੇਰਿਤ ਕਿਸੇ ਖੁੱਲੀ ਬਹਿਸ ਦੀ ਥਾਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਇਕਮੁੱਠ ਕਰਨ ਦਾ ਯਤਨ ਕਰਨ ਤਾਂਹੀ ਪੰਜਾਬ ਦੇ ਹਿੱਤਾਂ ਦੀ ਇਸ ਲੜਾਈ ਨੂੰ ਕੋਈ ਚੰਗੀ ਸੇਧ ਮਿਲਣ ਦੀ ਸੰਭਾਵਨਾ ਹੋ ਸਕਦੀ ਹੈ। ਵਰਨਾ ਸੁਪਰੀਮ ਕੋਰਟ ਦੇ ਤੱਥਾਂ ਤੇ ਗਵਾਹਾਂ ਦੇ ਆਧਾਰ ਕਿਸੇ ਵੀ ਫੈਸਲੇ ਜਾਂ ਆਦੇਸ਼ ਨੂੰ ਉਲਟਾਉਣਾ ਇਤਨਾ ਆਸਾਨ ਨਹੀ। ਸੁਪਰੀਮ ਕੋਰਟ ਵਿਚ ਪਾਣੀਆਂ ਦੀ ਵੰਡ ਉਪਰ ਬੇਇਨਸਾਫੀ ਦੇ ਖਿਲਾਫ ਅਤੇ ਰਾਜਸਥਾਨ ਨੂੰ ਮੁਫਤ ਵਿਚ ਲੁਟਾਏ ਜਾ ਰਹੇ ਲੱਖਾਂ ਏਕੜ ਫੁੱਟ ਪਾਣੀਆਂ ਦਾ ਹਿਸਾਬ ਲੈਣ ਦੀ ਦਲੀਲ ਨਾਲ ਪੰਜਾਬ ਕੋਲ ਆਪਣਾ ਕੇਸ ਮਜ਼ਬੂਤ ਕਰਨ ਦਾ ਇਕ ਵੱਡਾ ਮੌਕਾ ਹੈ।


ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

Face ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

Arms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

Speech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

Time ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart & Stroke

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.



REAL ESTATE BUY & SELL
KULWANT ATWAL 604-716-2135

MORTGAGES 1st, 2nd or Private
BHAJAN ATWAL 604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence

CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

# ਈਡੀ ਅੱਗੇ ਪੇਸ਼ ਨਾ ਹੋਏ ਕੇਜਰੀਵਾਲ

## ਸੰਮਨਾਂ ਨੂੰ 'ਗੈਰਕਾਨੂੰਨੀ ਅਤੇ ਸਿਆਸਤ ਤੋਂ ਪ੍ਰੇਰਿਤ' ਦੱਸਿਆ



ਨਵੀਂ ਦਿੱਲੀ (ਦਿਓਲ)-ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਿੱਲੀ ਆਬਕਾਰੀ ਨੀਤੀ ਨਾਲ ਜੁੜੇ ਕੇਸ ਵਿੱਚ ਐਂਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਅੱਗੇ ਪੇਸ਼ ਨਹੀਂ ਹੋਏ। ਕੇਜਰੀਵਾਲ ਨੇ ਏਜੰਸੀ ਨੂੰ ਪੱਤਰ ਲਿਖ ਕੇ ਸੰਮਨ ਵਾਪਸ ਲੈਣ ਦੀ ਮੰਗ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਸੰਮਨ 'ਗੈਰਕਾਨੂੰਨੀ ਤੇ ਸਿਆਸਤ ਤੋਂ ਪ੍ਰੇਰਿਤ' ਹਨ। ਅਧਿਕਾਰਤ ਸੂਤਰਾਂ ਮੁਤਾਬਕ ਈਡੀ ਵੱਲੋਂ ਹੁਣ 'ਆਪ' ਸੁਪਰੀਮੋ ਨੂੰ ਸੱਜਰੇ ਸੰਮਨ ਜਾਰੀ ਕੀਤੇ ਜਾ ਸਕਦੇ ਹਨ। ਉਂਜ ਅੱਜ ਸਵੇਰੇ ਪਾਰਟੀ ਸੂਤਰਾਂ ਨੇ ਸਾਫ਼ ਕਰ ਦਿੱਤਾ ਸੀ ਕਿ ਕੇਜਰੀਵਾਲ ਰੋਡ ਸ਼ੋਅ ਲਈ ਮੱਧ ਪ੍ਰਦੇਸ਼ ਦੇ ਸਿੰਗਰੌਲੀ ਜਾ ਰਹੇ ਹਨ ਤੇ ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀ ਉਨ੍ਹਾਂ ਨਾਲ ਮੌਜੂਦ ਰਹਿਣਗੇ। ਉਧਰ ਆਮ ਆਦਮੀ ਪਾਰਟੀ ਨੇ ਵੀ ਦਾਅਵਾ ਕੀਤਾ ਕਿ ਪਾਰਟੀ ਸੁਪਰੀਮੋ (ਕੇਜਰੀਵਾਲ) ਨੂੰ 'ਸਿਆਸੀ ਸਾਜ਼ਿਸ਼' ਤਹਿਤ ਸੰਮਨ ਭੇਜੇ ਗਏ ਸਨ। 'ਆਪ' ਨੇ ਕਿਹਾ ਕਿ ਵਿਰੋਧੀ ਧਿਰਾਂ ਦੇ ਆਗੂਆਂ ਨੂੰ ਮਿੱਥ ਕੇ ਨਿਸ਼ਾਨਾ ਬਣਾਇਆ ਜਾ ਰਿਹੈ। ਇਸ ਦੌਰਾਨ ਈਡੀ ਨੇ ਮਨੀ ਲਾਂਡਰਿੰਗ ਦੀ ਜਾਂਚ ਨੂੰ ਲੈ ਕੇ ਅੱਜ ਦਿੱਲੀ ਦੇ ਕੈਬਨਿਟ ਮੰਤਰੀ ਤੇ 'ਆਪ' ਆਗੂ ਰਾਜ ਕੁਮਾਰ ਆਨੰਦ(57) ਅਤੇ ਕੁਝ ਹੋਰਨਾਂ ਦੇ ਟਿਕਾਣਿਆਂ 'ਤੇ ਛਾਪੇ ਮਾਰੇ। ਈਡੀ ਦੀਆਂ ਟੀਮਾਂ ਨਾਲ ਸੀਆਰਪੀਐੱਫ ਦੀ ਟੀਮ ਵੀ ਮੌਜੂਦ ਸੀ। 'ਆਪ' ਆਗੂ ਸੌਰਭ ਭਾਰਦਵਾਜ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ, "ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਅੱਜ ਈਡੀ ਅੱਗੇ ਪੇਸ਼ ਹੋਣ ਲਈ ਕਿਹਾ ਗਿਆ ਸੀ। ਉਨ੍ਹਾਂ ਈਡੀ ਨੂੰ ਲਿਖੇ ਪੱਤਰ ਵਿੱਚ ਕਿਹਾ ਹੈ ਕਿ ਸੰਮਨਾਂ ਵਿਚ ਇਹ ਸਪਸ਼ਟ ਨਹੀਂ ਕੀਤਾ ਗਿਆ ਕਿ ਉਨ੍ਹਾਂ ਨੂੰ ਕਿਸ ਹੈਸੀਅਤ- ਇਕ ਗਵਾਹ ਜਾਂ ਇਕ ਮਸ਼ਕੂਕ, ਵਿਅਕਤੀ ਵਿਸ਼ੇਸ਼, ਮੁੱਖ ਮੰਤਰੀ ਜਾਂ 'ਆਪ' ਦੇ ਕੌਮੀ ਕਨਵੀਨਰ ਵਜੋਂ ਸੱਦਿਆ ਗਿਆ ਹੈ।" ਦਿੱਲੀ ਸਰਕਾਰ 'ਚ ਮੰਤਰੀ ਭਾਰਦਵਾਜ ਨੇ ਕਿਹਾ, "ਭਾਜਪਾ ਸੰਸਦ ਮੈਂਬਰ ਮਨੋਜ ਤਿਵਾੜੀ ਨੇ ਇਕ ਨਿਊਜ਼ ਏਜੰਸੀ ਨੂੰ ਦਿੱਤੀ ਇੰਟਰਵਿਊ ਦੌਰਾਨ ਇਹ ਦਾਅਵਾ ਕਿਵੇਂ ਕੀਤਾ ਕਿ ਕੇਜਰੀਵਾਲ ਨੂੰ ਗ੍ਰਿਫਤਾਰ ਕੀਤਾ ਜਾਵੇਗਾ? ਇਸ ਦਾ ਮਤਲਬ ਹੈ ਕਿ ਇਹ ਸਿਆਸੀ ਸਾਜ਼ਿਸ਼ ਹੈ। ਪੰਜ ਰਾਜਾਂ ਵਿਚ ਅਸੈਂਬਲੀ ਚੋਣਾਂ ਹੋ ਰਹੀਆਂ ਹਨ ਤੇ ਕੌਮੀ ਕਨਵੀਨਰ ਹੋਣ ਦੇ ਨਾਤੇ ਕੇਜਰੀਵਾਲ ਨੂੰ ਉਥੇ ਪ੍ਰਚਾਰ ਲਈ ਜਾਣਾ ਪੈਂਦਾ ਹੈ।" ਭਾਰਦਵਾਜ ਨੇ ਦਾਅਵਾ ਕੀਤਾ ਕਿ ਇਹ ਭਾਜਪਾ ਦੀ 'ਸਿਆਸੀ ਸਾਜ਼ਿਸ਼' ਸੀ ਤੇ ਉਨ੍ਹਾਂ ਵੱਲੋਂ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹੈ। ਉਧਰ 'ਆਪ' ਦੀ ਦਿੱਲੀ ਇਕਾਈ ਦੇ ਕਨਵੀਨਰ ਗੋਪਾਲ ਰਾਏ ਨੇ ਭਾਜਪਾ ਨੂੰ ਅਪੀਲ ਕੀਤੀ ਕਿ ਉਹ ਜਾਂਚ ਏਜੰਸੀਆਂ ਦੀ 'ਦੁਰਵਰਤੋਂ' ਰੋਕੇ। ਰਾਏ ਨੇ ਕਿਹਾ, "ਮੁੱਖ ਮੰਤਰੀ ਕੇਜਰੀਵਾਲ ਨੇ ਈਡੀ ਸੰਮਨਾਂ ਨੂੰ ਲੈ ਕੇ ਜਵਾਬ ਭੇਜ ਦਿੱਤਾ ਹੈ। ਉਨ੍ਹਾਂ ਮੁੜ ਸੱਦਣ ਦੀ ਮੰਗ ਕੀਤੀ ਹੈ, ਪਰ ਈਡੀ ਦਾ ਜਵਾਬ ਨਹੀਂ ਆਇਆ। ਇਸ ਦੀ ਥਾਂ ਭਾਜਪਾ ਤਰਜਮਾਨਾਂ ਨੇ ਕੇਜਰੀਵਾਲ ਵੱਲੋਂ ਈਡੀ ਨੂੰ ਲਿਖੇ ਪੱਤਰਾਂ ਦਾ ਜਵਾਬ ਦੇਣਾ ਸ਼ੁਰੂ ਕਰ ਦਿੱਤਾ ਹੈ। ਅੱਜ ਈਡੀ ਤੇ ਭਾਜਪਾ ਵਿਚਾਲੇ ਫ਼ਰਕ ਕਰਨਾ ਔਖਾ ਹੋ ਗਿਆ ਹੈ।" ਚੇਤੇ ਰਹੇ ਕਿ ਦਿੱਲੀ ਸਰਕਾਰ 'ਚ ਮੰਤਰੀ ਆਤਿਸ਼ੀ ਨੇ ਵੀ ਲੰਘੇ ਦਿਨੀਂ ਖ਼ਦਸ਼ਾ ਜਤਾਇਆ ਸੀ ਕਿ ਈਡੀ ਅੱਗੇ ਪੇਸ਼ ਹੋਣ ਮੌਕੇ ਕੇਜਰੀਵਾਲ ਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਕੇਜਰੀਵਾਲ ਦੇ ਪਾਰਟੀ ਕੁਲੀਗ ਮਨੀਸ਼ ਸਿਸੋਦੀਆ ਤੇ ਸੰਜੈ ਸਿੰਘ ਦਿੱਲੀ ਆਬਕਾਰੀ ਨੀਤੀ ਕੇਸ ਵਿਚ ਪਹਿਲਾਂ ਹੀ ਨਿਆਂਇਕ ਹਿਰਾਸਤ ਵਿਚ ਹਨ।

# ਕੇਜਰੀਵਾਲ ਨੇ ਸ਼ਰਾਬ ਨੀਤੀ ਨਾਲ ਪੰਜਾਬ ਦਾ ਵੱਡਾ ਨੁਕਸਾਨ ਕੀਤਾ-ਨਵਜੋਤ ਸਿੱਧੂ

ਪਟਿਆਲਾ (ਅਕੀਦਾ)-ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਨੇ ਕਿਹਾ ਕਿ ਦਿੱਲੀ ਵਿਚ ਫ਼ੇਲ੍ਹ ਹੋ ਚੁੱਕੀ ਸ਼ਰਾਬ ਨੀਤੀ ਪੰਜਾਬ 'ਤੇ ਥੋਪੀ ਗਈ ਹੈ ਜਿਸ ਕਰਕੇ ਪੰਜਾਬ ਵਿਚ ਠੇਕੇਦਾਰਾਂ ਦਾ ਰਾਜ ਹੋਣ ਕਰਕੇ ਵੱਡੇ ਘਪਲੇ ਹੋ ਰਹੇ ਹਨ। ਇਹ ਘਪਲੇ ਕੋਈ ਛੋਟੇ ਨਹੀਂ ਸਗੋਂ 4000 ਕਰੋੜ ਤੋਂ ਵੱਧ ਦੇ ਹਨ। ਇਸ ਨੀਤੀ ਰਾਹੀਂ ਸਰਕਾਰ ਨੂੰ ਘੱਟ ਮਾਲੀਆ ਮਿਲ ਰਿਹਾ ਹੈ ਜਦਕਿ ਠੇਕੇਦਾਰ ਵੱਧ ਕਮਾ ਰਹੇ ਹਨ। ਪਟਿਆਲਾ ਵਿਚਲੇ ਆਪਣੇ ਘਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਸਿੱਧੂ ਨੇ ਆਮ ਆਦਮੀ ਪਾਰਟੀ ਦੀ ਪੰਜਾਬ ਤੇ ਦਿੱਲੀ ਸਰਕਾਰ ਨੂੰ ਖ਼ੂਬ ਰਗੜੇ ਲਾਏ। ਉਨ੍ਹਾਂ ਨਾਲ ਇਹ ਵੀ ਕਿਹਾ ਕਿ ਭਗਵੰਤ ਮਾਨ ਉਨ੍ਹਾਂ ਦਾ ਛੋਟਾ ਭਰਾ ਹੈ, ਉਸ ਨਾਲ ਕੋਈ ਨਿੱਜੀ ਵੈਰ ਵਿਰੋਧ ਨਹੀਂ ਹੈ ਪਰ ਅਰਵਿੰਦ ਕੇਜਰੀਵਾਲ ਦੀਆਂ ਨੀਤੀਆਂ ਨੇ ਪੰਜਾਬ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ। ਪੰਜਾਬ ਵਿਚ ਕੀਤੇ ਜਾ ਰਹੇ ਕਥਿਤ ਘਪਲਿਆਂ ਦੀ ਪੜਤਾਲ ਕਿਸੇ ਵਿਸ਼ੇਸ਼ ਨਿਰਪੱਖ ਏਜੰਸੀ ਤੋਂ ਕਰਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਆਪਣੀਆਂ ਮਨਮਰਜ਼ੀਆਂ ਕਰਨ ਲਈ ਪੰਜਾਬ ਸਰਕਾਰ ਚੰਗੇ ਇਮਾਨਦਾਰ ਅਧਿਕਾਰੀਆਂ ਨੂੰ ਖੁੱਡੇ ਲਾਈਨ ਲਾ ਰਹੀ ਹੈ। ਉਨ੍ਹਾਂ ਕਿਹਾ ਕਿ ਸ਼ਰਾਬ ਦੀ ਖ਼ਪਤ ਘੱਟ ਕਰਨ ਵਾਲੇ ਸੂਬੇ ਤਾਮਿਲਨਾਡੂ 44,098 ਕਰੋੜ, ਕਰਨਾਟਕ 29,000 ਕਰੋੜ, ਤੇਲੰਗਾਨਾ 31,000 ਕਰੋੜ ਤੇ ਕੇਰਲਾ 16,000 ਕਰੋੜ ਸ਼ਰਾਬ ਤੋਂ ਕਮਾ ਰਹੇ ਹਨ ਪਰ ਸ਼ਰਾਬ ਦੀ ਖਪਤ ਵੱਧ ਹੋਣ ਦੇ ਬਾਵਜੂਦ ਪੰਜਾਬ ਸ਼ਰਾਬ ਤੋਂ ਮਾਮੂਲੀ ਰੁਪਏ ਹੀ ਕਮਾ ਰਿਹਾ ਹੈ ਜਦਕਿ ਇਥੇ ਠੇਕੇਦਾਰ ਵੱਧ ਕਮਾ ਰਹੇ ਹਨ। ਉਨ੍ਹਾਂ ਕਿਹਾ ਕਿ ਐੱਲ-1 ਲਾਇਸੰਸ ਸਭ ਤੋਂ ਵੱਡੀ ਠੱਗੀ ਹੈ, ਇਨ੍ਹਾਂ ਨੇ ਤਾਂ ਇਸ ਠੱਗੀ ਨੂੰ ਹੋਰ ਵੱਡੀ ਕਰਨ ਲਈ ਸੁਪਰ ਐੱਲ-1 ਲਾਇਸੈਂਸ ਜਾਰੀ ਕਰ ਦਿੱਤੇ ਹਨ। 5 ਤੋਂ 12 ਫ਼ੀਸਦੀ ਕਮਿਸ਼ਨ ਕਰਕੇ ਠੇਕੇਦਾਰਾਂ ਨੂੰ ਮੋਟੀ ਕਮਾਈ ਕਰਵਾਈ ਜਾ ਰਹੀ ਹੈ ਜਿਸ ਤੋਂ ਲੱਗ ਰਿਹਾ ਹੈ ਕਿ ਮੁੱਖ ਮੰਤਰੀ ਠੇਕੇਦਾਰਾਂ ਦੇ ਦਬਾਅ ਹੇਠਾਂ ਦੱਬ ਕੇ ਰਹਿ ਗਿਆ ਹੈ। ਸ਼ਰਾਬ ਵਿਚ ਹੋ ਰਹੇ ਘਪਲਿਆਂ ਨੂੰ ਪਰਦੇ ਵਿਚ ਰੱਖਣ ਲਈ ਕਿਸੇ ਆਰਟੀਆਈ ਦਾ ਜਵਾਬ ਵੀ ਨਹੀਂ ਦਿੱਤਾ ਜਾ ਰਿਹਾ। ਪੰਜਾਬ ਵਿਚ ਖੁੱਲ੍ਹੀ ਬਹਿਸ ਬਾਰੇ ਉਨ੍ਹਾਂ ਕਿਹਾ ਕਿ ਇਸ ਨਾਲ ਪੰਜਾਬ ਦਾ ਕੁਝ ਵੀ ਨਹੀਂ ਸੰਵਾਰਿਆ। ਇਹ ਪੁੱਛਣ 'ਤੇ ਕਿ ਕੈਪਟਨ ਅਮਰਿੰਦਰ ਸਿੰਘ ਪੰਜਾਬ ਦੇ ਕਿਸੇ ਮੁੱਦੇ 'ਤੇ ਨਹੀਂ ਬੋਲ ਰਹੇ, ਬਾਰੇ ਸ੍ਰੀ ਸਿੱਧੂ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਪਹਿਲਾਂ ਵੀ ਪੰਜਾਬ ਹਤੈਸ਼ੀ ਨਹੀਂ ਸੀ ਤੇ ਅੱਜ ਵੀ ਉਨ੍ਹਾਂ ਤੋਂ ਪੰਜਾਬ ਦੇ ਭਲੇ ਲਈ ਕੋਈ ਵੀ ਆਸ ਨਹੀਂ ਰੱਖੀ ਜਾ ਸਕਦੀ। ਪੰਜ ਸੂਬਿਆਂ ਦੀਆਂ ਚੋਣਾਂ ਵਿਚ ਪ੍ਰਚਾਰ ਕਰਨ ਲਈ ਜਾਣ ਦੇ ਸਵਾਲ ਤੇ ਸ੍ਰੀ ਸਿੱਧੂ ਨੇ ਕਿਹਾ ਕਿ ਹਾਈਕਮਾਂਡ ਨੇ ਹਾਲੇ ਉਨ੍ਹਾਂ ਨੂੰ ਕੋਈ ਹੁਕਮ ਨਹੀਂ ਕੀਤਾ, ਇਸ ਕਰਕੇ ਉਹ ਕਤੇ ਨਹੀਂ ਜਾ ਰਿਹਾ ਜਦੋਂ ਵੀ ਕੋਈ ਹੁਕਮ ਹੋਵੇਗਾ ਉਹ ਜਾਵੇਗਾ ਪਰ ਪੰਜਾਬ ਨਹੀਂ ਛੱਡੇਗਾ।



# ਇੰਡੀਅਨ ਆਇਲ ਮੁੰਬਈ ਨੇ ਪੰਜਵੀਂ ਵਾਰ ਜਿੱਤਿਆ ਸੁਰਜੀਤ ਹਾਕੀ ਟੂਰਨਾਮੈਂਟ ਟੂਰਨਾਮੈਂਟ ਦਾ ਖਿਤਾਬ

ਜਲੰਧਰ-ਅੰਤਰਰਾਸ਼ਟਰੀ ਖਿਡਾਰੀ ਗੁਰਜਿੰਦਰ ਸਿੰਘ ਦੀ ਹੈਟ੍ਰਿਕ ਦੀ ਬਦੌਲਤ ਇੰਡੀਅਨ ਆਇਲ ਮੁੰਬਈ ਨੇ ਕੈਗ ਦਿੱਲੀ ਨੂੰ 5-3 ਦੇ ਫਰਕ ਨਾਲ ਹਰਾ ਕੇ 40ਵੇਂ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ ਦਾ ਖਿਤਾਬ 5ਵੀਂ ਵਾਰ ਜਿੱਤ ਲਿਆ। ਸਥਾਨਕ ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿਖੇ ਸੰਪਨ ਹੋਏ ਉਕਤ ਟੂਰਨਾਮੈਂਟ ਦੀ ਜੇਤੂ ਟੀਮ ਨੂੰ 5.50 ਲੱਖ ਰੁਪਏ ਨਕਦ, ਜੋ ਕਿ ਗਾਖਲ ਬ੍ਰਦਰਜ਼ (ਯੂਐਸਏ) ਵਲੋਂ ਸਪਾਂਸਰ ਕੀਤਾ ਗਿਆ ਅਤੇ ਜੇਤੂ ਟਰਾਫੀ (ਬਲਦੇਵ ਸਿੰਘ ਰੰਧਾਵਾ ਦੀ ਯਾਦ ਵਿੱਚ) ਨਾਲ ਸਨਮਾਨਿਤ ਕੀਤਾ ਗਿਆ। ਜਦਕਿ ਉਪ ਜੇਤੂ ਟੀਮ ਨੂੰ 2.51 ਲੱਖ ਰੁਪਏ ਨਕਦ ਜੋ ਕਿ ਬਲਵਿੰਦਰ ਸਿੰਘ ਸੈਣੀ (ਜਰਮਨੀ) ਵਲੋਂ ਆਪਣੇ ਪਿਤਾ ਦੀ ਯਾਦ ਵਿੱਚ ਸਪਾਂਸਰ ਕੀਤਾ ਗਿਆ ਅਤੇ ਉਪ ਜੇਤੂ ਟਰਾਫੀ (ਜੋ ਕਿ ਐਨ ਕੇ ਅਗਰਵਾਲ ਦੀ ਯਾਦ ਵਿੱਚ) ਨਾਲ ਸਨਮਾਨਿਤ ਕੀਤਾ ਗਿਆ। ਟੂਰਨਾਮੈਂਟ ਦੇ ਸਰਵੋਤਮ ਖਿਡਾਰੀ ਉਲੰਪੀਅਨ ਮਨਪ੍ਰੀਤ ਸਿੰਘ (ਪੰਜਾਬ ਪੁਲਿਸ ਜਲੰਧਰ) ਨੂੰ 51000 ਰੁਪਏ ਨਕਦ, ਜੋ ਕਿ ਰਣਬੀਰ ਸਿੰਘ ਰਾਣਾ ਟੁੱਟ ਵਲੋਂ ਆਪਣੇ ਪਿਤਾ ਦੀ ਯਾਦ ਵਿੱਚ ਸਪਾਂਸਰ ਕੀਤਾ ਗਿਆ, ਨਾਲ ਸਨਮਾਨਿਤ ਕੀਤਾ ਗਿਆ।ਟੂਰਨਾਮੈਂਟ ਦੇ ਉਭਰਦੇ ਖਿਡਾਰੀ ਰਾਜਬੀਰ ਸਿੰਘ (ਇੰਡੀਅਨ ਆਇਲ) ਨੂੰ 31000 ਰੁਪਏ (ਜੀ ਐਸ ਢਿਲੋਂ ਆਈ ਜੀ ਵਲੋਂ ਸਪਾਂਸਰ ਕੀਤਾ ਗਿਆ) ਨਾਲ ਸਨਮਾਨਿਤ ਕੀਤਾ ਗਿਆ। ਦੋਵੇਂ ਟੀਮਾਂ ਨੂੰ ਹਾਕੀ ਪੰਜਾਬ ਦੇ ਪ੍ਰਧਾਨ ਅਤੇ ਟਰੇਸਰ ਸ਼ੂਜ਼ ਦੇ ਮਾਲਕ ਨਿਤਨ ਕੋਹਲੀ ਵਲੋਂ ਟਰੇਸਰ ਸ਼ੂਜ਼ ਨਾਲ ਸਨਮਾਨਿਤ ਕੀਤਾ ਗਿਆ। ਮੁੱਖ ਮਹਿਮਾਨ ਹਰਪਾਲ ਸਿੰਘ ਚੀਮਾ ਨੇ ਸੁਰਜੀਤ ਹਾਕੀ ਸੋਸਾਇਟੀ ਨੂੰ 20 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਅਤੇ ਏਸ਼ੀਆਈ ਖੇਡਾਂ ਵਿੱਚ ਹਾਕੀ ਟੀਮ ਵਲੋਂ ਸੋਨ ਤਮਗਾ ਜਿੱਤਣ ਵਾਲੇ ਪੰਜਾਬੀ ਖਿਡਾਰੀਆਂ ਨੂੰ ਵਿਸ਼ੇਸ਼ ਤੌਰ ਤੇ ਵਧਾਈ ਦਿੱਤੀ।


ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

## ਭਾਰਤੀ ਟੀਮ ਕ੍ਰਿਕਟ ਵਿਸ਼ਵ ਕੱਪ ਦੇ ਸੈਮੀਫਾਈਨਲ ਵਿੱਚ ਪੁੱਜੀ

ਮੁੰਬਈ-ਮੁਹੰਮਦ ਸ਼ਮੀ ਤੇ ਮੁਹੰਮਦ ਸਿਰਾਜ ਦੀ ਸ਼ਾਨਦਾਰ ਗੇਂਦਬਾਜ਼ੀ ਦੀ ਬਦੌਲਤ ਭਾਰਤ ਅੱਜ ਇਥੇ ਵਾਨਖੇੜੇ ਸਟੇਡੀਅਮ ਵਿਚ ਖੇਡੇ ਮੁਕਾਬਲੇ ਵਿੱਚ ਸ੍ਰੀਲੰਕਾ ਨੂੰ 302 ਦੌੜਾਂ ਦੀ ਕਰਾਰੀ ਸ਼ਿਕਸਤ ਦਿੰਦਿਆਂ ਕ੍ਰਿਕਟ ਵਿਸ਼ਵ ਕੱਪ ਦੇ ਸੈਮੀਫਾਈਨਲ ਵਿੱਚ ਪਹੁੰਚ ਗਿਆ। ਭਾਰਤ ਇਸ ਗੇੜ ਵਿਚ ਪਹੁੰਚਣ ਵਾਲੀ ਪਹਿਲੀ ਟੀਮ ਹੈ। ਭਾਰਤ ਨੇ ਸ੍ਰੀਲੰਕਾ ਦੇ ਸੱਦੇ 'ਤੇ ਪਹਿਲਾਂ ਬੱਲੇਬਾਜ਼ੀ ਕਰਦਿਆਂ 50 ਓਵਰਾਂ ਵਿੱਚ 8 ਵਿਕਟਾਂ ਦੇ ਨੁਕਸਾਨ ਨਾਲ 357 ਦੌੜਾਂ ਬਣਾਈਆਂ। ਟੀਚੇ ਦਾ ਪਿੱਛਾ ਕਰ ਰਹੀ ਸ੍ਰੀਲੰਕਾ ਦੀ ਟੀਮ 19.4 ਓਵਰਾਂ ਵਿੱਚ 55 ਦੌੜਾਂ 'ਤੇ ਆਊਟ ਹੋ ਗਈ। ਕ੍ਰਿਕਟ ਵਿਸ਼ਵ ਕੱਪ ਦੇ 48 ਸਾਲਾਂ ਦੇ ਇਤਿਹਾਸ ਵਿਚ ਦੌੜਾਂ ਦੇ ਫ਼ਰਕ ਨਾਲ ਭਾਰਤ ਦੀ ਇਹ ਹੁਣ ਤੱਕ ਦੀ ਸਭ ਤੋਂ ਵੱਡੀ ਜਿੱਤ ਹੈ। ਸੱਤ ਮੈਚਾਂ ਵਿੱਚ 14 ਅੰਕਾਂ ਨਾਲ ਰੋਹਿਤ ਸ਼ਰਮਾ ਦੀ ਅਗਵਾਈ ਵਾਲੀ ਟੀਮ ਹੁਣ ਤੱਕ ਆਪਣੇ ਸਾਰੇ ਮੁਕਾਬਲੇ ਜਿੱਤ ਕੇ ਪੁਆਇੰਟਸ ਟੇਬਲ ਵਿਚ ਸਿਖਰ 'ਤੇ ਪੁੱਜ ਗਈ ਹੈ। ਭਾਰਤ ਆਪਣਾ ਅਗਲਾ ਮੁਕਾਬਲਾ 5 ਨਵੰਬਰ ਨੂੰ ਦੱਖਣੀ ਅਫਰੀਕਾ ਖਿਲਾਫ਼ ਕੋਲਕਾਤਾ ਵਿਚ ਖੇਡੇਗਾ। ਟੂਰਨਾਮੈਂਟ ਦੇ ਆਪਣੇ ਆਖਰੀ ਲੀਗ ਮੁਕਾਬਲੇ ਵਿਚ 12 ਨਵੰਬਰ ਨੂੰ ਭਾਰਤ ਦਾ ਸਾਹਮਣਾ ਨੈਦਰਲੈਂਡਜ਼ ਨਾਲ ਹੋਵੇਗਾ। ਭਾਰਤ ਲਈ ਮੁਹੰਮਦ ਸ਼ਮੀ ਨੇ ਪੰਜ ਓਵਰਾਂ ਵਿਚ 18 ਦੌੜਾਂ ਬਦਲੇ ਪੰਜ ਵਿਕਟਾਂ ਲਈਆਂ। ਸ਼ਮੀ ਕੁੱਲ 45 ਵਿਕਟਾਂ ਨਾਲ ਵਿਸ਼ਵ ਕੱਪ ਇਤਿਹਾਸ ਵਿੱਚ ਭਾਰਤ ਲਈ ਸਭ ਤੋਂ ਵੱਧ ਵਿਕਟਾਂ ਲੈਣ ਵਾਲਾ ਗੇਂਦਬਾਜ਼ ਬਣ ਗਿਆ ਹੈ। ਸਿਰਾਜ ਨੇ 7 ਓਵਰਾਂ ਵਿਚ 16 ਦੌੜਾਂ ਦੇ ਕੇ ਤਿੰਨ ਜਦੋਂਕਿ ਜਸਪ੍ਰੀਤ ਬੁਮਰਾਹ ਤੇ ਰਵਿੰਦਰ ਜਡੇਜਾ ਦੇ ਹਿੱਸੇ ਇਕ ਇਕ ਵਿਕਟ ਆਈ। ਸ੍ਰੀਲੰਕਾ ਲਈ ਕਸੁਨ ਰਜੀਤਾ 14 ਦੌੜਾਂ ਨਾਲ ਟੌਪ ਸਕੋਰਰ ਰਿਹਾ। ਇਸ ਤੋਂ ਪਹਿਲਾਂ ਵਿਰਾਟ ਕੋਹਲੀ (94 ਗੇਂਦਾਂ 'ਤੇ 88 ਦੌੜਾਂ), ਸ਼ੁਭਮਨ ਗਿੱਲ (92) ਤੇ ਸ਼੍ਰੇਅਸ ਅੱਈਅਰ (82) ਸੈਂਕੜੇ ਬਣਾਉਣ ਤੋਂ ਖੁੰਝ ਗਏ। ਕੋਹਲੀ ਜੇਕਰ ਅੱਜ ਸੈਂਕੜਾ ਪੂਰਾ ਕਰ ਲੈਂਦਾ ਤਾਂ ਉਸ ਨੇ ਸਚਿਨ ਤੇਂਦੁਲਕਰ ਦੇ 49 ਸੈਂਕੜਿਆਂ ਦੀ ਬਰਾਬਰੀ ਕਰ ਲੈਣੀ ਸੀ। ਇਸੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤੀ ਟੀਮ ਨੂੰ ਸ੍ਰੀਲੰਕਾ ਖ਼ਿਲਾਫ਼ ਮਿਲੀ ਜਿੱਤੀ ਲਈ ਵਧਾਈ ਦਿੱਤੀ ਹੈ।

# ਪਾਕਿਸਤਾਨ 'ਚ 8 ਫਰਵਰੀ ਨੂੰ ਆਮ ਚੋਣਾਂ ਕਰਵਾਉਣ ਦਾ ਐਲਾਨ

ਇਸਲਾਮਾਬਾਦ-ਪਾਕਿਸਤਾਨ 'ਚ ਆਮ ਚੋਣਾਂ ਅਗਲੇ ਸਾਲ 8 ਫਰਵਰੀ ਨੂੰ ਹੋਣਗੀਆਂ। ਇਹ ਫ਼ੈਸਲਾ ਅੱਜ ਸੁਪਰੀਮ ਕੋਰਟ ਦੀਆਂ ਹਦਾਇਤਾਂ ਮਗਰੋਂ ਚੋਣ ਕਮਿਸ਼ਨ ਦੇ ਅਧਿਕਾਰੀਆਂ ਵੱਲੋਂ ਰਾਸ਼ਟਰਪਤੀ ਆਰਿਫ ਅਲਵੀ ਨਾਲ ਕੀਤੀ ਮੁਲਾਕਾਤ ਤੋਂ ਬਾਅਦ ਲਿਆ ਗਿਆ। ਇਹ ਐਲਾਨ ਹੋਣ ਨਾਲ ਦੇਸ਼ 'ਚ ਚੋਣਾਂ ਨੂੰ ਲੈ ਕੇ ਲੰਮੇ ਸਮੇਂ ਤੋਂ ਬਣੀ ਬੇਯਕੀਨੀ ਦੀ ਸਥਤੀ ਖਤਮ ਹੋ ਗਈ ਹੈ। ਪਾਕਿਸਤਾਨ ਚੋਣ ਕਮਿਸ਼ਨ ਦੇ ਉੱਚ ਅਧਿਕਾਰੀਆਂ ਤੇ ਰਾਸ਼ਟਰਪਤੀ ਆਰਿਫ ਅਲਵੀ ਦਰਮਿਆਨ ਹੋਈ ਮੀਟਿੰਗ ਤੋਂ ਬਾਅਦ ਰਾਸ਼ਟਰਪਤੀ ਭਵਨ ਤੋਂ ਚੋਣਾਂ ਦੀ ਨਵੀਂ ਤਾਰੀਕ ਦਾ ਐਲਾਨ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਦਿਨੇ ਚੋਣ ਕਮਿਸ਼ਨ ਦੇ ਵਕੀਲ ਨੇ ਸੁਪਰੀਮ ਕੋਰਟ ਨੂੰ ਦੱਸਿਆ ਸੀ ਕਿ ਪਾਕਿਸਤਾਨ 'ਚ ਆਮ ਚੋਣਾਂ 11 ਫਰਵਰੀ ਨੂੰ ਹੋਣਗੀਆਂ। ਰਾਸ਼ਟਰਪਤੀ ਦਫ਼ਤਰ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਮੁੱਖ ਚੋਣ ਕਮਿਸ਼ਨਰ ਸਿਕੰਦਰ ਸੁਲਤਾਨ ਰਾਜਾ ਨੇ ਅਟਾਰਨੀ ਜਨਰਲ ਮਨਸੂਰ ਉਸਮਾਨ ਅਵਾਨ ਤੇ ਕਮਿਸ਼ਨ ਦੇ ਚਾਰ ਹੋਰ ਮੈਂਬਰਾਂ ਨੂੰ ਨਾਲ ਲੈ ਕੇ ਰਾਸ਼ਟਰਪਤੀ ਅਲਵੀ ਨਾਲ ਮੁਲਾਕਾਤ ਕਰਕੇ ਚੋਣਾਂ ਸੰਬੰਧੀ ਚਰਚਾ ਕੀਤੀ। ਉਨ੍ਹਾਂ ਕਿਹਾ, 'ਰਾਸ਼ਟਰਪਤੀ ਨੇ ਚੋਣ ਕਮਿਸ਼ਨ ਤੋਂ ਹੱਦਬੰਦੀ ਤੇ ਚੋਣਾਂ ਦੀਆਂ ਤਿਆਰੀਆਂ ਸੰਬੰਧੀ ਜਾਣਕਾਰੀ ਲਈ। ਲੰਮੀ ਵਿਚਾਰ ਚਰਚਾ ਤੋਂ ਬਾਅਦ 8 ਫਰਵਰੀ 2024 ਨੂੰ ਆਮ ਚੋਣਾਂ ਕਰਵਾਉਣ ਦਾ ਫ਼ੈਸਲਾ ਲਿਆ ਗਿਆ।' ਇਸ ਤੋਂ ਪਹਿਲਾਂ ਪਾਕਿਸਤਾਨੀ ਚੋਣ ਕਮਿਸ਼ਨ ਦੇ ਵਕੀਲ ਸਜੀਲ ਸਵਾਤੀ ਨੇ ਕਿਹਾ



ਕਿ ਚੋਣ ਹਲਕੇ ਨਿਰਧਾਰਤ ਕਰਨ ਦੀ ਪ੍ਰਕਿਰਿਆ 29 ਜਨਵਰੀ ਨੂੰ ਮੁਕੰਮਲ ਹੋ ਜਾਵੇਗੀ ਤੇ ਇਸ ਨਾਲ ਚੋਣਾਂ ਕਰਵਾਉਣ ਦਾ ਰਾਹ ਪੱਧਰਾ ਹੋ ਜਾਵੇਗਾ। ਉਨ੍ਹਾਂ ਇਹ ਗੱਲ ਉਦੋਂ ਕਹੀ ਜਦੋਂ ਸੁਪਰੀਮ ਕੋਰਟ ਨੇ ਉਨ੍ਹਾਂ ਪਟੀਸ਼ਨਾਂ 'ਤੇ ਸੁਣਵਾਈ ਸ਼ੁਰੂ ਕੀਤੀ ਜਿਨ੍ਹਾਂ ਵਿੱਚ ਨੈਸ਼ਨਲ ਅਸੈਂਬਲੀ ਤੇ ਵਿਧਾਨ ਸਭਾਵਾਂ ਦੇ ਭੰਗ ਹੋਣ ਦੇ 90 ਦਿਨ ਅੰਦਰ ਚੋਣਾਂ ਕਰਵਾਏ ਜਾਣ ਦੀ ਅਪੀਲ ਕੀਤੀ ਸੀ।

## ਆਰ.ਬੀ.ਆਈ. ਨੇ ਦੋ ਹਜ਼ਾਰ ਦੇ ਨੋਟ ਬਦਲਾਉਣ ਲਈ ਦਿੱਤੇ ਦੋ ਬਦਲ

ਨਵੀਂ ਦਿੱਲੀ-ਲੋਕ ਹੁਣ ਰਜਿਸਟਰਡ ਡਾਕ ਰਾਹੀਂ ਰਜ਼ਿਰਵ ਬੈਂਕ ਦੇ ਖੇਤਰੀ ਦਫ਼ਤਰਾਂ ਨੂੰ 2 ਹਜ਼ਾਰ ਰੁਪਏ ਦੇ ਨੋਟ ਭੇਜ ਸਕਦੇ ਹਨ ਜਿਨ੍ਹਾਂ ਦਾ ਭੁਗਤਾਨ ਉਨ੍ਹਾਂ ਦੇ ਖਾਤਿਆਂ ਵਿੱਚ ਹੋ ਜਾਵੇਗਾ। ਰਜ਼ਿਰਵ ਬੈਂਕ ਨੇ ਆਪਣੇ ਖੇਤਰੀ ਦਫਤਰਾਂ ਤੋਂ ਦੂਰ ਰਹਿਣ ਵਾਲੇ ਲੋਕਾਂ ਲਈ ਇਹ ਬਦਲ ਦਿੱਤਾ ਹੈ ਤਾਂ ਜੋ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਸਮੱਸਿਆ ਪੇਸ਼ ਨਾ ਆਵੇ। ਇਸ ਤੋਂ ਇਲਾਵਾ ਆਰਬੀਆਈ ਲੋਕਾਂ ਨੂੰ ਉਨ੍ਹਾਂ ਦੇ ਬੈਂਕ ਖਾਤੇ ਵਿੱਚ 2 ਹਜ਼ਾਰ ਰੁਪਏ ਦੇ ਬੈਂਕ ਨੋਟ ਜਮ੍ਹਾਂ ਕਰਾਉਣ ਲਈ ਟ੍ਰਿਪਲ ਲਾਕ ਰਿਸੈਪਟੇਕਲ (ਟੀਐੱਲਆਰ) ਫਾਰਮ ਦੀ ਪੇਸ਼ਕਸ਼ ਕਰ ਰਿਹਾ ਹੈ। ਆਰਬੀਆਈ ਦੇ ਰਜਿਨਲ ਡਾਇਰੈਕਟਰ ਰੋਹਿਤ ਪੀ ਦਾਸ ਨੇ ਕਿਹਾ ਕਿ ਆਰਬੀਆਈ ਲੋਕਾਂ ਨੂੰ ਬਿਨਾਂ ਪ੍ਰੇਸ਼ਾਨੀ ਅਤੇ ਸੁਰੱਖਿਅਤ ਢੰਗ ਨਾਲ ਦੋ ਹਜ਼ਾਰ ਰੁਪਏ ਦੇ ਨੋਟਾਂ ਦੇ ਬਦਲਾਅ ਦਾ ਬਦਲ ਦੇ ਰਿਹਾ ਹੈ ਜੋ ਉਨ੍ਹਾਂ ਨੂੰ ਬੈਂਕ ਦੀਆਂ ਵਿਸ਼ੇਸ਼ ਸ਼ਾਖਾਵਾਂ ਵਿੱਚ ਜਾਣ ਅਤੇ ਕਤਾਰ ਵਿੱਚ ਖੜ੍ਹੇ ਹੋਣ ਦੀ ਪ੍ਰੇਸ਼ਾਨੀ ਤੋਂ ਬਚਾਏਗਾ। ਉਨ੍ਹਾਂ ਕਿਹਾ ਕਿ ਰਜਿਸਟਰਡ ਪੋਸਟ ਅਤੇ ਟੀਐੱਲਆਰ ਦੋਵੇਂ ਬਦਲ ਬਹੁਤ ਜ਼ਿਆਦਾ ਸੁਰੱਖਿਅਤ ਹਨ ਅਤੇ ਇਹਨਾਂ ਬਦਲਾਂ ਨਾਲ ਸਬੰਧਤ ਲੋਕਾਂ ਦੇ ਮਨ ਵਿੱਚ ਕੋਈ ਡਰ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਹੁਣ ਤੱਕ ਇਕੱਲੇ ਦਿੱਲੀ ਦਫਤਰ ਨੂੰ ਲਗਪਗ 700 ਟੀਐੱਲਆਰ ਫਾਰਮ ਪ੍ਰਾਪਤ ਹੋਏ ਹਨ। 19 ਮਈ ਨੂੰ, ਆਰਬੀਆਈ ਨੇ ਦੋ ਹਜ਼ਾਰ ਰੁਪਏ ਦੇ ਨੋਟਾਂ ਨੂੰ ਸਰਕੁਲੇਸ਼ਨ ਤੋਂ ਵਾਪਸ ਲੈਣ ਦਾ ਐਲਾਨ ਕੀਤਾ ਸੀ। 19 ਮਈ, 2023 ਤੱਕ ਇਨ੍ਹਾਂ ਨੋਟਾਂ ਵਿੱਚੋਂ 97 ਫੀਸਦੀ ਤੋਂ ਵੱਧ ਵਾਪਸ ਆ ਚੁੱਕੇ ਸਨ।

## ਕਲੀਨਿਕ 'ਚ ਮਹਿਲਾ ਦਾ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ ਹੇਠ 53 ਸਾਲਾ ਭਾਰਤੀ ਮੂਲ ਦਾ ਫਜ਼ੀਓਥੈਰੇਪਿਸਟ ਗ੍ਰਿਫ਼ਤਾਰ

ਟੋਰਾਂਟੋ (ਸੇਖਾ)-ਕੈਨੇਡਾ ਦੇ ਓਨਟਾਰੀਓ ਸੂਬੇ ਵਿੱਚ 53 ਸਾਲਾ ਭਾਰਤੀ ਮੂਲ ਦੇ ਫਜ਼ੀਓਥੈਰੇਪਿਸਟ ਨੂੰ ਕਲੀਨਿਕ ਵਿੱਚ ਮਹਿਲਾ ਮਰੀਜ਼ ਦਾ ਜਿਨਸੀ ਸ਼ੋਸ਼ਣ ਕਰਨ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਰਾਜ ਦਾਨੇਸ਼ਵਰ ਬਾਰੇ ਪੁਲੀਸ ਨੂੰ 23 ਅਕਤੂਬਰ ਨੂੰ ਸ਼ਿਕਾਇਤ ਮਿਲੀ ਸੀ ਕਿ ਉਸ ਨੇ ਰਿਚਮੰਡ ਹਿੱਲ ਦੇ ਯੋਂਗ ਸਟ੍ਰੀਟ ਅਤੇ ਸੈਂਟਰ ਸਟ੍ਰੀਟ ਦੇ ਖੇਤਰ ਵਿੱਚ ਕਲੀਨਿਕ ਵਿੱਚ ਫਜ਼ੀਓਥੈਰੇਪੀ ਦੌਰੇ ਦੌਰਾਨ ਔਰਤ ਦਾ ਜਿਨਸੀ ਸ਼ੋਸ਼ਣ ਕੀਤਾ। ਪੁਲੀਸ ਨੇ ਦਾਨੇਸ਼ਵਰ 'ਤੇ 30 ਅਕਤੂਬਰ ਨੂੰ ਸਰੀਰਕ ਤੌਰ 'ਤੇ ਨੁਕਸਾਨ ਪਹੁੰਚਾਉਣ ਵਾਲੇ ਜਿਨਸੀ ਹਮਲੇ ਦਾ ਦੋਸ਼ ਲਗਾਇਆ ਸੀ। ਪੁਲੀਸ ਦਾ ਮੰਨਣਾ ਹੈ ਕਿ ਇਸ ਵਿਅਕਤੀ ਨੇ ਕਈ ਹੋਰ ਔਰਤਾਂ ਨਾਲ ਅਜਿਹਾ ਕੀਤਾ ਹੋ ਸਕਦਾ ਹੈ ਤੇ ਉਸ ਨੇ ਅਜਿਹੀ ਪੀੜਤ ਔਰਤਾਂ ਨੂੰ ਅੱਗੇ ਆਉਣ ਲਈ ਕਿਹਾ ਹੈ। ਇਸ ਸਾਲ ਅਗਸਤ ਵਿੱਚ 55 ਸਾਲਾ ਅਜੈ ਗੁਪਤਾ ਨੂੰ ਟੋਰਾਂਟੋ ਵਿੱਚ ਨੌਕਰੀ ਦੀ ਇੰਟਰਵਿਊ ਦੌਰਾਨ ਦੋ ਔਰਤਾਂ ਨਾਲ ਕਥਿਤ ਤੌਰ 'ਤੇ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਜੂਨ ਵਿੱਚ ਗੁਰਪ੍ਰਤਾਪ ਸਿੰਘ ਵਾਲੀਆ ਅਤੇ ਉਸ ਦੇ ਪੁੱਤਰ ਸੁਮ੍ਰਿਤ ਵਾਲੀਆ ਨੂੰ ਕੈਲਗਰੀ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਇਨ੍ਹਾਂ 'ਤੇ ਕਈ ਮਹੀਨਿਆਂ ਦੌਰਾਨ ਕਈ ਅੱਲੜ ਲੜਕੀਆਂ ਦਾ ਜਿਨਸੀ ਸ਼ੋਸ਼ਣ ਕਰਨ ਦਾ ਦੋਸ਼ ਲੱਗਿਆ ਸੀ।

# ਸਿੱਖ ਕਤਲੇਆਮ ਦੇ ਸ਼ਹੀਦਾਂ ਦੀ ਯਾਦ 'ਚ ਸ਼੍ਰੋਮਣੀ ਕਮੇਟੀ ਵੱਲੋਂ ਸਮਾਗਮ

ਅੰਮ੍ਰਿਤਸਰ (ਲਾਂਬਾ, ਭੰਗੂ)-ਨਵੰਬਰ 1984 'ਚ ਦਿੱਲੀ ਸਮੇਤ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿੱਚ ਹੋਏ ਸਿੱਖ ਕਤਲੇਆਮ ਦੇ ਸ਼ਹੀਦਾਂ ਦੀ ਯਾਦ ਵਿੱਚ ਅੱਜ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਝੰਡਾ ਬੁੰਗਾ ਵਿਖੇ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਦਾ ਕੀਰਤਨ ਕੀਤਾ। ਗਿਆਨੀ ਰਾਜਦੀਪ ਸਿੰਘ ਨੇ ਨਵੰਬਰ 1984 ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਇਸ ਨੂੰ ਸਿੱਖ ਕੌਮ 'ਤੇ ਵੱਡਾ ਹਮਲਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਦੇਸ਼ ਵਾਸਤੇ ਸਭ ਤੋਂ ਵੱਧ ਕੁਰਬਾਨੀਆਂ ਸਿੱਖ ਕੌਮ ਨੇ ਦਿੱਤੀਆਂ ਪਰ ਦੇਸ਼ ਅੰਦਰ ਹੀ ਸਿੱਖਾਂ ਨੂੰ ਹਮੇਸ਼ਾ ਬੇਗਾਨਗੀ ਦਾ ਅਹਿਸਾਸ ਕਰਵਾਇਆ ਗਿਆ। ਸ਼੍ਰੋਮਣੀ ਕਮੇਟੀ ਦੇ ਜਰਨਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਨਵੰਬਰ 1984 'ਚ ਸਮੇਂ ਦੀ ਕਾਂਗਰਸ ਸਰਕਾਰ ਦੀ ਸ਼ਹਿ 'ਤੇ ਦਿੱਲੀ ਸਮੇਤ ਦੇਸ਼ ਦੇ ਵੱਖ-ਵੱਖ ਸੂਬਿਆਂ 'ਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ 39 ਸਾਲ ਮਗਰੋਂ ਵੀ ਸਿੱਖ ਕਤਲੇਆਮ ਦਾ ਇਨਸਾਫ਼ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਨਵੰਬਰ 1984 'ਚ ਸਰਕਾਰ ਦੀ ਸ਼ਹਿ 'ਤੇ ਕੀਤੇ ਗਏ ਇਸ ਕਾਰੇ 'ਚੋਂ ਕਾਂਗਰਸ ਕਦੇ ਵੀ ਬਰੀ ਨਹੀਂ ਹੋ ਸਕਦੀ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਸਿੱਖ ਕਤਲੇਆਮ ਦੇ ਮੁਲਜ਼ਮਾਂ ਨੂੰ ਉੱਚ ਅਹੁਦੇ ਦੇ ਕੇ ਉਨ੍ਹਾਂ ਦੀ ਪੁਸ਼ਤਪਨਾਹੀ ਕਰਦੀ ਰਹੀ ਹੈ। ਹਾਲ ਹੀ ਵਿੱਚ ਪੰਜਾਬ ਦੇ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਕਮਲਨਾਥ ਦੀ ਦਿੱਲੀ ਸਿੱਖ ਕਤਲੇਆਮ ਵਿੱਚ ਕੋਈ ਭੂਮਿਕਾ ਨਾ ਹੋਣ ਦੇ ਬਿਆਨ ਨੂੰ ਉਨ੍ਹਾਂ ਨੇ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਕਰਾਰ ਦਿੱਤਾ।

## ਸਮਲਿੰਗੀ ਵਿਆਹਾਂ ਬਾਰੇ ਫੈਸਲੇ ਖਿਲਾਫ਼ ਨਜ਼ਰਸਾਨੀ ਪਟੀਸ਼ਨ ਦਾਖ਼ਲ

ਨਵੀਂ ਦਿੱਲੀ (ਦਿਓਲ)-ਸਮਲਿੰਗੀ ਵਿਆਹਾਂ ਨੂੰ ਕਾਨੂੰਨੀ ਮਾਨਤਾ ਦੇਣ ਤੋਂ ਇਨਕਾਰ ਕਰਨ ਦੇ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਦੇ ਫੈਸਲੇ 'ਤੇ ਨਜ਼ਰਸਾਨੀ ਦੀ ਮੰਗ ਕਰਦੀ ਪਟੀਸ਼ਨ ਸੁਪਰੀਮ ਕੋਰਟ ਵਿੱਚ ਦਾਖ਼ਲ ਕੀਤੀ ਗਈ ਹੈ। ਪਟੀਸ਼ਨ 'ਚ ਦਾਅਵਾ ਕੀਤਾ ਗਿਆ ਹੈ ਕਿ ਬਹੁਮਤ ਵਾਲੇ ਫੈਸਲੇ ਵਿੱਚ ਸਮਲਿੰਗੀ ਜੋੜਿਆਂ ਨਾਲ ਪੱਖਪਾਤ ਦੀ ਗੱਲ ਕਬੂਲੀ ਗਈ ਹੈ, ਪਰ "ਇਨ੍ਹਾਂ ਨੂੰ ਭਵਿੱਖ ਲਈ ਸ਼ੁਭ ਕਾਮਨਾਵਾਂ ਦੇ ਕੇ ਮੋੜ ਦਿੱਤਾ ਗਿਆ।' ਪਟੀਸ਼ਨਰਾਂ 'ਚੋਂ ਇਕ ਉਦਿਤ ਸੂਦ ਨੇ ਸੁਪਰੀਮ ਕੋਰਟ ਦੀ ਰਜਿਸਟਰੀ ਕੋਲ ਨਜ਼ਰਸਾਨੀ ਪਟੀਸ਼ਨ ਦਾਖ਼ਲ ਕੀਤੀ ਹੈ। ਸੰਵਿਧਾਨਕ ਬੈਂਚ ਨੇ 17 ਅਕਤੂਬਰ ਨੂੰ ਫੈਸਲੇ ਵਿਚ ਸਮਲਿੰਗੀ ਵਿਆਹਾਂ ਨੂੰ ਕਾਨੂੰਨੀ ਮਾਨਤਾ ਦੇਣ ਤੋਂ ਨਾਂਹ ਕਰ ਦਿੱਤੀ ਸੀ ਕਿ ਅਜਿਹੇ ਵਿਆਹਾਂ ਨੂੰ ਮਾਨਤਾ ਦੇਣ ਲਈ ਕਾਨੂੰਨ 'ਚ ਤਬਦੀਲੀ ਸੰਸਦ ਦਾ ਅਧਿਕਾਰ ਖੇਤਰ ਹੈ।



# ਤਾਜ਼ਾ ਫੈਡਰਲ ਪੋਲ ਵਿਚ ਲਿਬਰਲਜ਼ ਨਾਲੋਂ ਕੰਸਰਵੇਟਿਵਾਂ ਦੀ ਸਥਿਤੀ ਕਾਫੀ ਬਿਹਤਰ

ਓਟਵਾ-ਨਵੇਂ ਚੋਣ ਸਰਵੇਖਣ ਵਿਚ ਕੰਸਰਵੇਟਿਵ ਪਾਰਟੀ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲਜ਼ 'ਤੇ ਬੜ੍ਹਤ ਬਰਕਰਾਰ ਰੱਖ ਰਹੀ ਹੈ, ਇਹ ਉਹ ਸਮਾਂ ਹੈ ਜਦੋਂ ਕੈਨੇਡੀਅਨ ਆਪਣੀਆਂ ਸੰਸਥਾਵਾਂ 'ਤੇ ਸੀਮਤ ਭਰੋਸੇ ਦੀ ਗੱਲ ਕਹਿ ਰਹੇ ਹਨ। ਪੋਲਿੰਗ ਫਰਮ ਲੇਗਰ ਮੁਤਾਬਿਕ ਪੀਅਰ ਪੋਲੀਵਰ ਦੇ ਟੋਰੀਜ਼ ਸੱਤਾਧਾਰੀ ਪਾਰਟੀ ਤੋਂ 14 ਫ਼ੀਸਦੀ ਅੰਕਾਂ ਨਾਲ ਅੱਗੇ ਚਲ ਰਹੀ ਹੈ। 40 ਫ਼ੀਸਦੀ ਉੱਤਰ ਦੇਣ ਵਾਲਿਆਂ ਨੇ ਕਿਹਾ ਕਿ ਜੇਕਰ ਅੱਜ ਵੋਟਾਂ ਹੁੰਦੀਆਂ ਹਨ ਤਾਂ ਅਸੀਂ ਕੰਸਰੇਵਿਟਵਾਂ ਨੂੰ ਵੋਟ ਦੇਵਾਂਗੇ ਜਦਕਿ 26 ਫ਼ੀਸਦੀ ਨੇ ਲਿਬਰਲਜ਼ ਅਤੇ 17 ਫ਼ੀਸਦੀ ਨੇ ਐਨਡੀਪੀ ਨੂੰ ਵੋਟ ਦੇਣ ਦੀ ਗੱਲ ਆਖੀ। ਸਰਵੇਖਣ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਕੈਨੇਡਾ ਵਿਚ ਲੋਕ ਆਮ ਤੌਰ 'ਤੇ ਗੁਆਂਢੀ ਦੇਸ਼ਾਂ ਨਾਲੋਂ ਸੰਸਥਾਵਾਂ 'ਤੇ ਜ਼ਿਆਦਾ ਭਰੋਸਾ ਕਰਦੇ ਹਨ, ਖ਼ਾਸਕਰ ਉਸ ਸਮੇਂ ਜਦੋਂ ਫੈਡਰਲ ਚੋਣ ਪ੍ਰਸ਼ਾਸਕਾਂ, ਦੇਸ਼ ਦੀਆਂ ਚੋਟੀ ਦੀਆਂ ਅਦਾਲਤਾਂ ਤੇ ਪੁਲਿਸ ਦੀ ਗੱਲ ਆਉਂਦੀ ਹੈ। ਫਿਰ ਵੀ ਬਹੁਗਿਣਤੀ ਕੈਨੇਡੀਅਨਾਂ ਨੇ ਕਿਹਾ ਕਿ ਉਨ੍ਹਾਂ ਨੂੰ ਲੈਜਿਸਲੇਚਰ ਸੰਸਥਾਵਾਂ, ਸੂਬਾ ਸਰਕਾਰਾਂ, ਮੀਡੀਆ ਅਤੇ ਵੱਡੀਆਂ ਕਾਰਪੋਰੇਸ਼ਨਾਂ 'ਤੇ ਭਰੋਸਾ ਨਹੀਂ। ਵੈੱਬ ਸਰਵੇਖਣ ਵਿਚ 1002



ਅਮਰੀਕੀਆਂ ਦੇ ਨਾਲ ਕੁਲ 1632 ਕੈਨੇਡੀਅਨਾਂ ਨੇ ਹਿੱਸਾ ਲਿਆ। 63 ਫ਼ੀਸਦੀ ਕੈਨੇਡੀਅਨਾਂ ਨੇ ਕਿਹਾ ਕਿ ਉਹ ਟਰੂਡੋ ਦੀ ਅਗਵਾਈ ਵਾਲੀ ਫੈਡਰਲ ਸਰਕਾਰ ਤੋਂ ਅਸੰਤੁਸ਼ਟ ਹਨ। ਜਦੋਂ ਲੋਕਾਂ ਨੂੰ ਇਹ ਪੁੱਛਿਆ ਜਾਂਦਾ ਹੈ ਕਿ ਉਹ ਸਭ ਤੋਂ ਵਧੀਆ ਸੰਭਾਵੀ ਪ੍ਰਧਾਨ ਮੰਤਰੀ ਕਿਸ ਨੂੰ ਦੇਖਦੇ ਹਨ ਤਾਂ 29 ਫ਼ੀਸਦੀ ਕੈਨੇਡੀਅਨਾਂ ਨੇ ਪੋਲੀਵਰ ਦੀ ਚੋਣ ਕੀਤੀ,19 ਫ਼ੀਸਦੀ ਨੇ ਟਰੂਡੋ ਅਤੇ 15 ਫ਼ੀਸਦੀ ਐਨਡੀਪੀ ਨੇ ਜਗਮੀਤ ਸਿੰਘ ਦੀ ਨੇਤਾ ਵਜੋਂ ਚੋਣ ਕੀਤੀ। 13 ਫ਼ੀਸਦੀ ਹੋਰਨਾਂ ਨੇ ਕਿਹਾ ਕਿ ਕੋਈ ਵੀ ਮੌਜੂਦਾ ਨੇਤਾ ਵਧੀਆ ਪ੍ਰਧਾਨ ਮੰਤਰੀ ਨਹੀਂ ਬਣ ਸਕਦਾ। ਚੋਣ ਸਰਵੇਖਣ ਵਿਚ ਪਤਾ ਲੱਗਾ ਕਿ ਕੈਨੇਡੀਅਨ ਸੰਸਥਾਵਾਂ ਵਿਚ ਸਭ ਤੋਂ ਵੱਧ ਪੁਲਿਸ ਸੇਵਾਵਾਂ 'ਤੇ ਭਰੋਸਾ ਕੀਤਾ ਗਿਆ ਅਤੇ 73 ਫ਼ੀਸਦੀ ਲੋਕਾਂ ਨੇ ਕਿਹਾ ਕਿ ਉਹ ਪੁਲਿਸ 'ਤੇ ਭਰੋਸਾ ਕਰਦੇ ਹਨ ਜਦਕਿ ਅਮਰੀਕਾ ਵਿਚ ਇਹ ਗਿਣਤੀ ਘਟ ਕੇ 59 ਫ਼ੀਸਦੀ ਰਹਿ ਗਈ। ਕੈਨੇਡਾ ਵਿਚ ਦੂਸਰੀ ਸਭ ਤੋਂ ਭਰੋਸੇ ਵਾਲੀ ਸੰਸਥਾ ਇਲੈਕਸ਼ਨ ਕੈਨੇਡਾ ਹੈ ਜਿਸ 'ਤੇ 69 ਫ਼ੀਸਦੀ ਕੈਨੇਡੀਅਨਾਂ ਨੂੰ ਭਰੋਸਾ ਹੈ। ਕੈਨੇਡੀਅਨ ਸੁਪਰੀਮ ਕੋਰਟ ਵਿਚ 66 ਫ਼ੀਸਦੀ ਲੋਕਾਂ ਨੂੰ ਜਦਕਿ ਅਮਰੀਕਾ ਵਿਚ 45 ਫ਼ੀਸਦੀ ਲੋਕਾਂ ਨੂੰ ਆਪਣੀ ਸੁਪਰੀਮ ਕੋਰਟ 'ਤੇ ਭਰੋਸਾ ਹੈ।

## ਅਮਰੀਕਾ ਵਿਚ ਬਜ਼ੁਰਗ ਸਿੱਖ 'ਤੇ ਹਮਲਾ ਕਰਨ ਵਾਲੇ ਅਮਰੀਕੀ 'ਤੇ ਨਫ਼ਰਤੀ ਅਪਰਾਧ ਸਣੇ ਕਈ ਦੋਸ਼

ਨਿਊਯਾਰਕ-ਕਾਰ ਦੀ ਟੱਕਰ ਤੋਂ ਬਾਅਦ 66 ਸਾਲਾ ਸਿੱਖ ਬਜ਼ੁਰਗ ਦੀ ਹੱਤਿਆ ਦੇ ਮਾਮਲੇ 'ਚ ਨਿਊਯਾਰਕ ਸਿਟੀ ਦੇ ਵਿਅਕਤੀ ਨੂੰ ਨਫ਼ਰਤੀ ਅਪਰਾਧਾਂ ਸਮੇਤ ਕਈ ਦੋਸ਼ ਲਗਾਏ ਗਏ ਹਨ। ਕੁਈਨਜ਼ ਕਾਊਂਟੀ ਦੀ ਜ਼ਿਲ੍ਹਾ ਅਟਾਰਨੀ ਅਨੁਸਾਰ ਗਿਲਬਰਟ ਔਗਸਟਿਨ (30), ਜੋ ਕਵੀਨਜ਼ ਦਾ ਰਹਿਣ ਵਾਲਾ ਹੈ, ਨੇ ਗੱਡੀਆਂ ਦੀ ਟੱਕਰ ਤੋਂ ਬਾਅਦ ਜਸਮੇਰ ਸਿੰਘ 'ਤੇ ਹਮਲਾ ਕੀਤਾ। ਪ੍ਰਾਪਤ ਜਾਣਕਾਰੀ ਮੁਤਾਬਕ ਜਿਵੇਂ ਹੀ ਦੋ ਵਿਚਕਾਰ ਗਰਮਾ ਗਰਮੀ ਹੋਈ ਤਾਂ ਔਗਸਟਿਨ ਨੇ ਕਥਿਤ ਤੌਰ 'ਤੇ ਜਸਮੇਰ ਸਿੰਘ ਨੂੰ ਪੱਗੜ ਵਾਲਾ ਕਿਹਾ। ਇਸ ਤੋਂ ਬਾਅਦ ਉਸ ਨੇ ਬਜ਼ੁਰਗ ਦੇ ਸਿਰ ਅਤੇ ਚਿਹਰੇ 'ਤੇ ਤਿੰਨ ਵਾਰ ਮੁੱਕਾ ਮਾਰਿਆ, ਜਿਸ ਕਾਰਨ ਉਹ ਡਿੱਗ ਗਿਆ ਅਤੇ ਉਸ ਦਾ ਸਿਰ ਫੁੱਟਪਾਥ 'ਤੇ ਵੱਜਿਆ। ਇਸ ਕਾਰਨ ਜਸਮੇਰ ਸਿੰਘ ਦੇ ਦਿਮਾਗ 'ਤੇ ਸੱਟ ਲੱਗ ਗਈ ਅਤੇ ਉਸ ਨੂੰ ਹਸਪਤਾਲ ਲਜਾਇਆ ਗਿਆ, ਜਿੱਥੇ ਅਗਲੇ ਦਿਨ ਉਸ ਦੀ ਮੌਤ ਹੋ ਗਈ। ਔਗਸਟਿਨ ਨੂੰ 6 ਦਸੰਬਰ ਨੂੰ ਅਦਾਲਤ ਵਿਚ ਪੇਸ਼ ਹੋਣ ਦੀ ਸੰਭਾਵਨਾ ਹੈ। ਜੇ ਉਹ ਦੋਸ਼ੀ ਠਹਿਰਾਇਆ ਜਾਂਦਾ ਹੈ ਤਾਂ ਉਸ ਨੂੰ 25 ਸਾਲ ਤੱਕ ਦੀ ਕੈਦ ਹੋ ਸਕਦੀ ਹੈ। ਜਸਮੇਰ ਸਿੰਘ ਦੇ ਬੇਟੇ ਨੇ ਕਿਹਾ ਕਿ ਉਹ ਪੜ੍ਹੇ-ਲਿਖੇ ਤੇ ਨੇਕ ਇਨਸਾਨ ਸਨ। ਉਹ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰਨ ਲਈ ਭਾਰਤ ਤੋਂ ਅਮਰੀਕਾ ਆਏ ਸਨ।

## ਬਰਤਾਨੀਆ 'ਚ ਪਤਨੀ ਦਾ ਕਤਲ ਕਰਨ ਵਾਲੇ ਸਿੱਖ ਬਜ਼ੁਰਗ ਨੂੰ 15 ਸਾਲ ਦੀ ਕੈਦ

ਲੰਡਨ: ਇਸ ਸਾਲ ਮਈ ਮਹੀਨੇ ਪੂਰਬੀ ਲੰਡਨ ਵਿੱਚ ਆਪਣੀ ਪਤਨੀ ਦਾ ਕਤਲ ਕਰਨ ਵਾਲੇ 79 ਸਾਲਾ ਸਿੱਖ ਵਿਅਕਤੀ ਨੂੰ ਘੱਟੋ-ਘੱਟ 15 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਤਰਸੇਮ ਸਿੰਘ ਵੱਲੋਂ ਆਪਣੀ 77 ਸਾਲਾ ਪਤਨੀ ਮਾਇਆ ਦੇਵੀ ਦੀ ਹੱਤਿਆ ਦਾ ਦੋਸ਼ ਮੰਨਣ ਤੋਂ ਬਾਅਦ ਸਨੇਸਬਰੂਕ ਕਰਾਊਨ ਕੋਰਟ ਨੇ ਉਸਨੂੰ ਸਜ਼ਾ ਸੁਣਾਈ। ਮੁਲਜ਼ਮ ਨੇ ਆਪ ਹੀ ਰੋਮਫੋਰਡ ਪੁਲੀਸ ਨੂੰ ਪਤਨੀ ਦੇ ਕਤਲ ਕਰਨ ਬਾਰੇ ਜਾਣਕਾਰੀ ਦਿੱਤੀ ਸੀ। ਇਸ ਤੋਂ ਬਾਅਦ ਅਧਿਕਾਰੀ ਤੁਰੰਤ ਉਸ ਦੇ ਘਰ ਗਏ ਤਾਂ ਮਾਇਆ ਦੇਵੀ ਫਰਸ਼ 'ਤੇ ਡਿੱਗੀ ਪਈ ਸੀ। ਮਾਇਆ ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਅਤੇ ਪੋਸਟਮਾਰਟਮ ਜਾਂਚ ਵਿਚ ਮੌਤ ਦਾ ਕਾਰਨ ਸਿਰ 'ਤੇ ਸੱਟਾਂ ਲੱਗੀਆਂ ਸੱਟਾਂ ਦੱਸਿਆ ਗਿਆ। ਮੁਲਜ਼ਮ ਨੇ ਇਸ ਦਾ ਖੁਲਾਸਾ ਨਹੀਂ ਕੀਤਾ ਕਿ ਉਸ ਨੇ ਕਤਲ ਕਿਉਂ ਕੀਤਾ। ਇੱਕ ਪੁੱਤਰ ਅਤੇ ਦੋ ਧੀਆਂ ਦੇ ਮਾਤਾ-ਪਤਾ ਤਰਸੇਮ ਸਿੰਘ ਅਤੇ ਮਾਇਆ ਦੋਵੇਂ ਭਾਰਤੀ ਮੂਲ ਦੇ ਹਨ ਤੇ 50 ਸਾਲਾਂ ਤੋਂ ਬਰਤਾਨੀਆ ਵਿੱਚ ਰਹਿ ਰਹੇ ਸਨ।

## ਗੈਂਗਸਟਰ ਲਾਡੀ ਸ਼ੂਟਰ ਦੀ ਗੋਲੀਆਂ ਮਾਰਕੇ ਹੱਤਿਆ

ਫ਼ਿਰੋਜ਼ਪੁਰ (ਤਪਿੰਦਰ)-ਇੱਕ ਦਰਜਨ ਤੋਂ ਵੱਧ ਅਪਰਾਧਿਕ ਮਾਮਲਿਆਂ ਵਿੱਚ ਨਾਮਜ਼ਦ ਗੈਂਗਸਟਰ ਲਾਡੀ ਸ਼ੂਟਰ ਦੀ ਲੰਘੀ ਰਾਤ ਅਣਪਛਾਤੇ ਹਮਲਾਵਰਾਂ ਵੱਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਰਾਤ ਸਾਢੇ ਨੌਂ ਵਜੇ ਦੇ ਕਰੀਬ ਸ਼ਹਿਰ ਦੀ ਸਭ ਤੋਂ ਵੱਧ ਭੀੜ ਵਾਲੀ ਸੜਕ 'ਤੇ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ। ਘਟਨਾ ਵਾਲੀ ਥਾਂ ਥਾਣਾ ਸਿਟੀ ਤੋਂ ਮਹਿਜ਼ ਸੌ ਮੀਟਰ ਦੀ ਦੂਰੀ 'ਤੇ ਸਥਿਤ ਹੈ। ਮੋਦੀ ਮਿੱਲ ਵਾਲੀ ਰੋਡ 'ਤੇ ਪਹਿਲਾਂ ਤੋਂ ਉਡੀਕ ਰਹੇ ਹਮਲਾਵਰ ਘਟਨਾ ਮਗਰੋਂ ਫ਼ਰਾਰ ਹੋ ਗਏ। ਗੁਰਪ੍ਰੀਤ ਸਿੰਘ ਉਰਫ਼ ਲਾਡੀ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਸ਼ੇਰ ਖਾਨ ਨੂੰ ਤਿੰਨ ਗੋਲੀਆਂ ਵੱਜੀਆਂ ਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪ੍ਰਤੱਖਦਰਸ਼ੀਆਂ ਨੇ ਲਾਡੀ ਨੂੰ ਹਸਪਤਾਲ ਪਹੁੰਚਾਇਆ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲੀਸ ਸੀਸੀਟੀਵੀ ਕੈਮਰਿਆਂ ਦੀ ਮਦਦ ਨਾਲ ਹਮਲਾਵਰਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰ ਰਹੀ ਹੈ। ਐੱਸਪੀ (ਜਾਂਚ) ਰਣਧੀਰ ਕੁਮਾਰ ਨੇ ਦੱਸਿਆ ਕਿ ਲਾਡੀ 'ਤੇ ਵੱਖ-ਵੱਖ ਥਾਣਿਆਂ ਵਿੱਚ ਪੰਦਰਾਂ ਦੇ ਕਰੀਬ ਕੇਸ ਦਰਜ ਸਨ। ਉਹ ਕਈ ਕੇਸਾਂ ਵਿੱਚ ਪੁਲੀਸ ਨੂੰ ਲੋੜੀਂਦਾ ਸੀ, ਪਰ ਹੁਣ ਉਹ ਚੁੱਪ-ਚੁਪੀਤੇ ਆਪਣੀ ਜ਼ਿੰਦਗੀ ਜੀਅ ਰਿਹਾ ਸੀ। ਬੀਤੀ ਰਾਤ ਉਹ ਸ਼ਹਿਰ ਕਿਸੇ ਕੰਮ ਲਈ ਆਇਆ ਸੀ। ਇਸ ਦੀ ਹਮਲਾਵਰਾਂ ਨੂੰ ਪਹਿਲਾਂ ਤੋਂ ਹੀ ਭਿਣਕ ਸੀ। ਸ਼ਹਿਰ ਦੀ ਮੋਦੀ ਮਿੱਲ ਵਾਲੀ ਸੜਕ 'ਤੇ ਉਸ ਉਪਰ ਅਚਾਨਕ ਹਮਲਾ ਕਰਕੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ।


Injured in an accident?

ICBC claim?

We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ
- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call Mandeep Randhawa today.

604-449-7500

RM TRIAL LAWYERS
MANDEEP RANDHAWA LAW CORPORATION

PERSONAL INJURY LAWYERS
T 604-449-7500 F 604-449-7501
mrandhawa@rmlawyers.ca www.rmlawyers.ca
205-7134 King George Boulevard, Surrey, BC V3W 5A3

# ਅਲਬਰਟਾ ਵਲੋਂ ਆਟੋਮੋਬਾਈਲ ਬੀਮਾ ਦੀਆਂ ਉੱਚੀਆਂ ਪ੍ਰੀਮੀਅਮਾਂ ਨੂੰ ਹੱਲ ਕਰਨ ਲਈ ਸੁਧਾਰਾਂ ਦਾ ਐਲਾਨ

ਐਡਮਿੰਟਨ-ਅਲਬਰਟਾ ਸਰਕਾਰ ਉੱਚ ਆਟੋ ਬੀਮਾ ਲਾਗਤਾਂ ਨੂੰ ਘਟਾਉਣ ਲਈ ਸੁਧਾਰਾਂ ਦਾ ਵਾਅਦਾ ਕਰ ਰਹੀ ਹੈ ਪਰ ਅਧਿਕਾਰਤ ਵਿਰੋਧੀ ਧਿਰ ਦਾ ਕਹਿਣਾ ਕਿ ਤਬਦੀਲੀਆਂ ਇੰਨੀਆਂ ਨਰਮ ਤੇ ਕਾਸਮੈਟਿਕ ਹਨ ਕਿ ਉਨ੍ਹਾਂ ਦਾ ਡਰਾਈਵਰਾਂ ਨੂੰ ਬਹੁਤਾ ਫਾਇਦਾ ਹੋਣ ਵਾਲਾ ਨਹੀਂ। ਵਿੱਤ ਮੰਤਰੀ ਨੇਟ ਹਾਰਨਰ ਨੇ ਐਲਾਨ ਕੀਤਾ ਕਿ ਇਕ ਜਨਵਰੀ ਤੋਂ ਚੰਗੇ ਰਿਕਾਰਡ ਵਾਲੇ ਡਰਾਈਵਰਾਂ ਦੀ ਪ੍ਰੀਮੀਅਮ ਵਿਚ ਸਤੰਬਰ ਦੀ ਮਹਿੰਗਾਈ ਦਰ ਤੋਂ ਜ਼ਿਆਦਾ ਵਾਧਾ ਨਹੀਂ ਹੋ ਸਕਦਾ। ਉਸ ਸਮੇਂ ਦਰ 3.7 ਫ਼ੀਸਦੀ ਸੀ। ਹਾਰਨਰ ਨੇ ਇਕ ਪ੍ਰੈਸ ਕਾਨਫਰੰਸ ਵਿਚ ਕਿਹਾ ਕਿ ਸਾਡੀ ਸਰਕਾਰ ਦੋਵਾਂ ਅਲਬਰਟਾ ਡਰਾਈਵਰਾਂ ਅਤੇ ਬੀਮਾਕਰਤਾਵਾਂ ਲਈ ਆਟੋ ਇੰਸ਼ੂਰੈਂਸ ਨੂੰ ਕਿਫਾਇਤੀ, ਟਿਕਾਊ ਤੇ ਵਾਜਬ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਹ ਐਲਾਨ ਉਸ ਸਮੇ ਕੀਤਾ ਗਿਆ ਜਦੋਂ ਸੂਬਾ ਸਾਲ ਦੇ ਅਖੀਰ ਵਿਚ ਆਟੋ ਇੰਸ਼ੂਰੈਂਸ ਦਰ ਨੂੰ ਵਧਾਉਣ 'ਤੇ ਲਗਾਈ ਰੋਕ ਨੂੰ ਹਟਾਉਣ ਦੀ ਕਾਰਵਾਈ ਕਰਦਾ ਹੈ।



# ਰਾਜਨੀਤਕ ਪਾਰਟੀਆਂ ਪੰਜਾਬ ਅਤੇ ਪੰਜਾਬੀ ਪ੍ਰਤੀ ਸੁਹਿਰਦ ਹੋਣ:-ਕੇਂਦਰੀ ਸਭਾ

## ਕੇਂਦਰੀ ਪੰਜਾਬੀ ਲੇਖਕ ਸਭਾ ਵਿੱਢੇਗੀ ਭਾਸ਼ਾ ਜਾਗਰੂਕਤਾ ਮੁਹਿਮ

ਸਰੀ (ਹਰਦਮ ਮਾਨ)-ਪੰਜਾਬੀ ਲੇਖਕਾਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਪੰਜਾਬ ਦਿਵਸ ਮੌਕੇ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ ਅਤੇ ਸੀਨੀਅਰ ਮੀਤ ਪ੍ਰਧਾਨ ਡਾ ਹਰਜਿੰਦਰ ਸਿੰਘ ਅਟਵਾਲ ਦੇ ਹਵਾਲੇ ਨਾਲ ਅਜ ਏਥੋਂ ਜਾਰੀ ਬਿਆਨ ਵਿਚ ਕਥਾਕਾਰ ਦੀਪ ਦੇਵਿੰਦਰ ਸਿੰਘ ਕਿਹਾ ਕਿ ਇਹ ਤਲਖ ਹਕੀਕਤ ਹੈ ਕਿ 1 ਨਵੰਬਰ 1966 ਨੂੰ ਨਿਰੋਲ ਭਾਸ਼ਾ ਦੇ ਅਧਾਰ ਉੱਤੇ ਕਾਇਮ ਹੋਏ ਇਸ ਸੂਬੇ ਨੂੰ ਛੇ ਦਹਾਕੇ ਬੀਤਣ ਦੇ ਬਾਵਜੂਦ ਨਾ ਆਪਣੀ ਰਾਜਧਾਨੀ ਅਤੇ ਨਾ ਹੀ ਆਪਣੀ ਹਾਈਕੋਰਟ ਨਸੀਬ ਹੋਈ ਹੈ। ਭਾਸ਼ਾ ਐਕਟ ਅੰਦਰ ਚੋਰ ਮੋਰੀਆਂ ਹੋਣ ਕਰਕੇ ਅਫਸਰ ਸਾਹੀ ਸਰਕਾਰੀ ਹੁਕਮਾਂ ਨੂੰ ਟਿੱਚ ਜਾਣਦਿਆਂ ਦਫਤਰੀ ਕੰਮ ਕਾਜ ਪੰਜਾਬੀ ਵਿਚ ਕਰਨ ਤੋਂ ਕੰਨੀ ਕਤਰਾਉਂਦੀ ਹੈ। ਉਹਨਾਂ ਪੰਜਾਬ ਦੇ ਦਰਿਆਈ ਪਾਣੀਆਂ, ਪੰਜਾਬੀ ਬੋਲਦੇ ਇਲਾਕੇ ਅਤੇ ਪੰਜਾਬ ਦੇ ਪਿੰਡ ਉਜਾੜ ਕੇ ਬਣੇ ਚੰਡੀਗੜ੍ਹ ਤੇ ਪੰਜਾਬ ਦਾ ਹੱਕ ਵਰਗੇ ਜ਼ਮੀਨੀ ਮਸਲਿਆਂ ਦਾ ਸਿਆਸੀਕਰਨ ਕਰਨ ਬਾਰੇ ਕਿਹਾ ਕਿ ਹੁਣ ਤੱਕ ਦੀ ਸ਼ਾਸਨ ਵਿਵਸਥਾ ਵੱਲੋਂ ਸੂਬੇ ਨੂੰ ਦਰਪੇਸ਼ ਚੁਣੌਤੀਆਂ ਦਾ ਸਾਰਥਕ ਹੱਲ ਦੇਣ ਦੀ ਬਜਾਇ ਨਵੀਆਂ ਬੇਲੋੜੀਆਂ ਸਮੱਸਿਆਵਾਂ ਨੂੰ ਹੀ ਧਰਾਤਲ ਪ੍ਰਦਾਨ ਕੀਤਾ ਗਿਆ ਹੈ ਜਾਂ ਸਮੱਸਿਆ ਨੂੰ ਨਾਸੂਰ ਬਣਾ ਦੇਣ ਲਈ ਬੇਲੋੜੀ ਦੇਰ ਕੀਤੀ ਗਈ ਹੈ। ਸਿਆਸੀ ਪਾਰਟੀਆਂ ਨੇ ਪੰਜਾਬ ਪ੍ਰਤੀ ਸੁਹਿਰਦਤਾ ਨਾਲ ਜ਼ਿੰਮੇਵਾਰੀ ਨਿਭਾਉਣ ਦੀ ਬਜਾਇ ਬੁਨਿਆਦੀ ਮਸਲਿਆਂ ਵੱਲ ਧਿਆਨ ਦੇਣ ਦੀ ਥਾਂ ਆਪਣੇ ਸੌੜੇ ਸਿਆਸੀ ਤੇ ਆਰਥਿਕ ਮੁਫ਼ਾਦਾਂ ਵੱਲ ਹੀ ਜ਼ਿਆਦਾ ਧਿਆਨ ਦਿੱਤਾ ਹੈ। ਕੇਂਦਰੀ ਸਭਾ ਦੇ ਅਹੁਦੇਦਾਰ ਸੁਰਿੰਦਰਪ੍ਰੀਤ ਘਣੀਆਂ, ਸ਼ੈਲਿੰਦਰਜੀਤ ਰਾਜਨ, ਭੁਪਿੰਦਰ ਕੌਰ ਪ੍ਰੀਤ,



ਮਨਜੀਤ ਇੰਦਰਾ, ਦਲਜੀਤ ਸਿੰਘ ਸਾਹੀ, ਬਲਵਿੰਦਰ ਸੰਧੂ, ਮੂਲ ਚੰਦ ਸ਼ਰਮਾ, ਰਾਜਿੰਦਰ ਸਿੰਘ ਰਾਜਨ, ਮਖਣ ਕੁਹਾੜ ਅਤੇ ਡਾ ਕਰਮਜੀਤ ਸਿੰਘ ਨੇ ਕਿਹਾ ਕਿ ਸਾਰੀਆਂ ਰਾਜਨੀਤਕ ਪਾਰਟੀਆਂ ਨੂੰ ਬੀਤੇ ਵੇਲਿਆਂ 'ਚ ਸੂਬੇ ਦੇ ਹੋਏ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਪਰਿਵਾਰਕ ਨੁਕਸਾਨ ਤੋਂ ਸਬਕ ਲੈਂਦਿਆਂ ਇਕ ਦੂਜੇ ਉੱਪਰ ਦੂਸ਼ਣਬਾਜ਼ੀ ਕਰਨ ਦੀ ਬਜਾਏ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਪ੍ਰਤੀ ਸੁਹਿਰਦ ਹੋਣ ਦੀ ਲੋੜ ਹੈ। ਕੇਂਦਰੀ ਸਭਾ ਸਮੁੱਚੇ ਪੰਜਾਬ ਵਿੱਚ ਸਥਾਨਕ ਸਾਹਿਤ ਸਭਾਵਾਂ ਦੇ ਸਹਿਯੋਗ ਨਾਲ ਮਾਤ ਭਾਸ਼ਾ ਜਾਗਰੂਕਤਾ ਮੁਹਿਮ ਵਿੱਢੇਗੀ। ਉਹਨਾਂ ਇਸ ਮੌਕੇ ਇਹ ਵੀ ਮੰਗ ਕੀਤੀ ਕਿ ਸਰਕਾਰਾਂ ਨੂੰ ਮਾਤ ਭਾਸ਼ਾ ਨੂੰ ਰੁਜ਼ਗਾਰ ਮੁਖੀ ਬਣਾਉਣ ਲਈ ਪੰਜਾਬ ਦੇ ਸਕੂਲ ਕਾਲਜਾਂ ਵਿਚ ਪੱਕੀ ਭਰਤੀ ਕਰਕੇ ਰੁਜਗਾਰ ਦੇ ਠੋਸ ਵਸੀਲੇ ਪਹਿਲ ਦੇ ਆਧਾਰ ਤੇ ਪੈਦਾ ਕਰਨੇ ਚਾਹੀਦੇ ਹਨ ਤਾਂ ਜੋ ਅਜੋਕੀ ਨੌਜਵਾਨ ਪੀੜ੍ਹੀ ਜਿਹੜੀ ਚੰਗੇ ਭਵਿੱਖ ਦੀ ਆਸ ਵਿਚ ਵਿਦੇਸ਼ਾਂ ਨੂੰ ਭੱਜ ਰਹੀ ਹੈ ਆਪਣੇ ਸੂਬੇ ਵਿਚ ਹੀ ਰੋਜੀ ਰੋਟੀ ਕਮਾ ਸਕੇ। ਇਸ ਮੌਕੇ ਗੁਰਭੇਜ ਸਿੰਘ ਗੁਰਾਇਆ, ਡਾ. ਉਮਿੰਦਰ ਜੌਹਲ, ਡਾ. ਸ਼ਿੰਦਰਪਾਲ ਸਿੰਘ, ਪਰਮਜੀਤ ਸਿੰਘ ਬਾਠ, ਮਨਜੀਤ ਸਿੰਘ ਵਸੀ, ਹਰਪਾਲ ਨਾਗਰਾ, ਗੁਰਪ੍ਰੀਤ ਸਿੰਘ ਰੰਗੀਲਪੁਰ, ਗੁਰਮੀਤ ਬਾਜਵਾ, ਦੀਪਕ ਸ਼ਰਮਾ ਚਨਾਰਥਲ,ਬਲਵਿੰਦਰ ਸੰਧੂ, ਅਮਰਜੀਤ ਸਿੰਘ ਜੀਤ, ਗੁਰਬਿੰਦਰ ਸਿੰਘ ਮਾਣਕ, ਡਾ. ਹਰਪ੍ਰੀਤ ਸਿੰਘ ਰਾਣਾ, ਯਤਿੰਦਰ ਕੌਰ ਮਾਹਲ, ਜਸਵੰਤ ਰਾਏ, ਜਸਵੀਰ ਰਾਣਾ,ਮਨਜਿੰਦਰ ਧਨੋਆ, ਗੁਰਮੀਤ ਸਿੰਘ ਸਰਾਂ,ਰਿਸ਼ੀ ਹਿਰਦੇ ਪਾਲ, ਸੁਰਿੰਦਰਜੀਤ ਚੌਹਾਨ, ਡਾ. ਦੇਵਿੰਦਰ ਸੈਫੀ, ਗੁਰਸੇਵਕ ਸਿੰਘ ਢਿੱਲੋਂ, ਸੰਪੂਰਨ ਟੱਲੇਵਾਲੀਆ, ਤੇਜਾ ਸਿੰਘ ਤਿਲਕ, ਸੁਰਿੰਦਰ ਸਿੰਘ ਖੀਵਾ, ਮਦਨ ਵੀਰਾ, ਵਿਸ਼ਾਲ,ਅਨਿਲ ਫਤਿਹਗੜ੍ਹ ਜੱਟਾਂ ਅਤੇ ਐਸ ਨਸੀਮ ਨੇ ਵੀ ਪੰਜਾਬੀ ਦੇ ਹੱਕ ਵਿਚ ਗਲ ਕੀਤੀ।

# ਬਿਹਤਰ ਜ਼ਿੰਦਗੀ ਲਈ ਵੱਡੀ ਗਿਣਤੀ ਵਿਚ ਪ੍ਰਵਾਸੀਆਂ ਨੇ ਕੈਨੇਡਾ ਛੱਡਣ ਦੀ ਚੋਣ ਕੀਤੀ

ਓਟਵਾ-ਇੰਸਟੀਚਿਊਟ ਆਫ ਕੈਨੇਡੀਅਨ ਸਿਟੀਜ਼ਨਸ਼ਿਪ (ਆਈਸੀਸੀ) ਦੀ ਇਕ ਨਵੀਂ ਰਿਪੋਰਟ ਵਿਚ ਪਾਇਆ ਗਿਆ ਕਿ ਵੱਡੀ ਗਿਣਤੀ ਵਿਚ ਪ੍ਰਵਾਸੀ ਕੈਨੇਡਾ ਵਿਚ ਟਿਕੇ ਰਹਿਣ ਦੀ ਬਜਾਏ ਕੈਨੇਡਾ ਛੱਡਣ ਦਾ ਫ਼ੈਸਲਾ ਕਰ ਰਹੇ ਹਨ। ਕਾਨਫਰੰਸ ਬੋਰਡ ਆਫ ਕੈਨੇਡਾ ਵਲੋਂ ਆਈਸੀਸੀ ਲਈ ਤਿਆਰ ਕੀਤੀ ਗਈ ਰਿਪੋਰਟ ਵਿਚ ਪਤਾ ਲੱਗਾ ਹੈ ਕਿ ਕੈਨੇਡਾ ਛੱਡਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਦਹਾਕਿਆਂ ਤੋਂ ਹੌਲੀ ਹੌਲੀ ਵਧ ਰਹੀ ਹੈ ਪਰ ਸਭ ਤੋਂ ਤਾਜ਼ਾ ਸਮੇਂ ਦੇ ਉਪਲਬਧ ਅੰਕੜਿਆਂ ਮੁਤਾਬਿਕ 2017 ਅਤੇ 2019 ਵਿਚ ਇਸ ਵਿਚ ਅਚਨਚੇਤ ਤੇਜ਼ੀ ਆਈ ਹੈ। ਰਿਪੋਰਟ ਵਿਚ ਇਹ ਵੀ ਪਾਇਆ ਗਿਆ ਕਿ ਆਨਵਾਰਡ ਇਮੀਗ੍ਰੇਸ਼ਨ (ਉਹ ਪ੍ਰਕਿਰਿਆ ਜਿਸ ਵਿਚ ਵਿਅਕਤੀ ਆਪਣਾ ਮੂਲ ਦੇਸ਼ ਛੱਡ ਕੇ ਦੂਸਰੇ ਦੇਸ਼ ਅਤੇ ਫਿਰ ਤੀਸਰੇ ਦੇਸ਼ ਨੂੰ ਚਲਾ ਜਾਂਦਾ ਹੈ) ਦਾ ਖ਼ਤਰਾ ਕੈਨੇਡਾ ਵਿਚ ਪਹੁੰਚਣ ਪਿੱਛੋਂ ਚਾਰ ਤੋਂ ਲੈ ਕੇ ਸੱਤ ਸਾਲ ਦੇ ਸਮੇਂ ਵਿਚਕਾਰ ਜ਼ਿਆਦਾ ਹੁੰਦਾ ਹੈ। ਇੰਸਟੀਚਿਊਟ ਫਾਰ ਕੈਨੇਡੀਅਨ ਇੰਸਟੀਚਿਊਟ ਦੇ ਸੀਈਓ ਡੇਨੀਅਲ ਬਰਨਹਾਰਡ ਨੇ ਕਿਹਾ ਕਿ ਜਿਵੇਂ ਕੈਨੇਡਾ ਹਾਊਸਿੰਗ ਅਤੇ ਸਿਹਤ ਸੰਭਾਲ ਵਰਗੇ ਪ੍ਰਮੁੱਖ ਖੇਤਰਾਂ ਵਿਚ ਕਾਮਿਆਂ ਦੀ ਘਾਟ ਨੂੰ ਪੂਰਾ ਕਰਨ ਲਈ ਪ੍ਰਵਾਸੀਆਂ 'ਤੇ ਜ਼ਿਆਦਾ ਤੋਂ ਜ਼ਿਆਦਾ ਨਿਰਭਰ ਹੋ ਰਿਹਾ ਹੈ ਉਸ ਸਥਿਤੀ ਵਿਚ ਉਨ੍ਹਾਂ ਨੂੰ ਦੇਸ਼ ਵਿਚ ਰੱਖਣ ਦੀ ਸਾਡੀ ਸਮਰੱਥਾ ਮਹੱਤਵਪੂਰਣ ਰਾਸ਼ਟਰੀ ਹਿੱਤ ਦਾ ਮਾਮਲਾ ਬਣ ਗਈ ਹੈ। ਸਧਾਰਨ ਸ਼ਬਦਾਂ ਵਿਚ ਜੇਕਰ ਕੈਨੇਡਾ ਨਵੇਂ ਆਏ ਲੋਕਾਂ ਨੂੰ ਉਨ੍ਹਾਂ ਦੇ ਪਾਸਪੋਰਟਾਂ ਅਤੇ ਉਨ੍ਹਾਂ ਦੇ ਦਿਲਾਂ ਵਿਚ ਕੈਨੇਡੀਅਨ ਬਣਨ ਲਈ ਮਦਦ ਨਹੀਂ ਕਰਦਾ ਤਾਂ ਅਸੀਂ ਛੇਤੀ ਹੀ ਬੀਤੇ ਸਮੇਂ ਦੀ ਆਪਣੀ ਖੁਸ਼ਹਾਲੀ ਦੀ ਚਰਚਾ ਕਰ ਸਕਦੇ ਹਾਂ ਭਾਵ ਖੁਸ਼ਹਾਲੀ ਤਾਂ ਯਾਦ ਬਣ ਕੇ ਰਹਿ ਜਾਵੇਗੀ। ਕਾਨਫਰੰਸ ਬੋਰਡ ਆਫ ਕੈਨੇਡਾ ਦੇ ਐਗਜ਼ੀਕਿਊਟਿਵ ਡਾਇਰੈਕਟਰ ਸਟੀਫਨ ਫੌਰਨੀਅਰ ਆਖਦੇ ਹਨ ਕਿ ਕੈਨੇਡਾ ਦੀ ਭਵਿੱਖ ਦੀ ਖੁਸ਼ਹਾਲੀ ਪ੍ਰਵਾਸੀਆਂ 'ਤੇ ਨਿਰਭਰ ਕਰਦੀ ਹੈ। ਉਨ੍ਹਾਂ ਦਾ ਕਹਿਣਾ ਕਿ ਸਾਡੀ ਖੋਜ ਦੱਸਦੀ ਹੈ ਕਿ ਇਮੀਗ੍ਰੇਸ਼ਨ ਨਾਲ ਆਰਥਿਕ ਵਿਕਾਸ ਹੁੰਦਾ ਹੈ, ਕਾਮੇ ਤੋਂ ਸੇਵਾਮੁਕਤੀ ਅਨੁਪਾਤ ਵਿਚ ਸੁਧਾਰ ਹੁੰਦਾ ਹੈ ਅਤੇ ਲੇਬਰ ਦੀ ਘਾਟ ਨੂੰ ਸੌਖਾ ਬਣਾਉਂਦਾ ਹੈ। ਸਾਡੀ ਖੋਜ ਦਰਸਾਉਂਦੀ ਹੈ ਕਿ ਪ੍ਰਵਾਸੀਆਂ ਨੂੰ ਆਕਰਸ਼ਤ ਕਰਨਾ ਸਾਡੀ ਗਿਣਤੀ ਮਿਣਤੀ ਦਾ ਸਿਰਫ ਇਕ ਹਿੱਸਾ ਹੈ ਸਾਨੂੰ ਉਨ੍ਹਾਂ ਦੇ ਇਕ ਵਾਰ ਕੈਨੇਡਾ ਵਿਚ ਪਹੁੰਚਣ ਪਿੱਛੋਂ ਇਥੇ ਬਰਕਰਾਰ ਰੱਖਣ ਦੀ ਵੀ ਲੋੜ ਹੈ। ਹੁਣ ਜਦੋਂ ਫੈਡਰਲ ਸਰਕਾਰ ਅਗਲੇ ਤਿੰਨ ਸਾਲਾਂ ਲਈ ਆਪਣੇ ਇਮੀਗ੍ਰੇਸ਼ਨ ਟੀਚਿਆਂ ਦਾ ਖੁਲਾਸਾ ਕਰਨ ਦੀ ਤਿਆਰੀ ਕਰ ਰਹੀ ਹੈ ਤਾਂ ਨਵੀਂ ਖੋਜ ਵਿਚ ਪਤਾ ਲੱਗਾ ਹੈ ਕਿ ਪ੍ਰਵਾਸੀ ਹੋਰ ਦੇਸ਼ਾਂ ਵਿਚ ਮੌਕਿਆਂ ਦੀ ਭਾਲ ਵਿਚ ਕੈਨੇਡਾ ਛੱਡ ਰਹੇ ਹਨ। ਰਿਪੋਰਟ ਦੇ ਖੋਜੀਆਂ ਨੇ ਪਿਛਲੇ ਦਿਨੀ ਇਕ ਪ੍ਰੈਸ ਕਾਨਫ਼ਰੰਸ ਵਿਚ ਦੱਸਿਆ ਕਿ 2019 ਵਿਚ 67000 ਅਤੇ 2017 ਵਿਚ 60000 ਵਿਅਕਤੀਆਂ ਨੇ ਕੈਨੇਡਾ ਛੱਡਿਆ ਹੈ। ਇਸ ਦਾ ਮਤਲਬ 1982 ਅਤੇ 2018 ਵਿਚਕਾਰ ਜਿਨ੍ਹਾਂ ਪ੍ਰਵਾਸੀਆਂ ਨੂੰ ਪੀਆਰ ਦਿੱਤੀ ਗਈ ਸੀ ਵਿਚੋਂ ਵੱਡੀ ਗਿਣਤੀ ਨੇ 2016 ਤੇ 2019 ਵਿਚਕਾਰ ਦੇਸ਼ ਛੱਡਣ ਨੂੰ ਤਰਜੀਹ ਦਿੱਤੀ। ਇਹ ਗਿਣਤੀ ਇਤਿਹਾਸਕ ਔਸਤ ਨਾਲੋਂ 31 ਫ਼ੀਸਦੀ ਵੱਧ ਹੈ।




mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ
ਲੈਣ ਲਈ ਸੰਪਰਕ ਕਰੋ
Rate hold from 6 months to 1 year
Get Preapproval In 2 Hours
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
@HARPREETFUNDING
Licensed professional mortgage broker


TRANSource
FREIGHTWAYS
ਕੰਮ ਲਈ Drivers and
Owner Operators ਚਾਹੀਦੇ ਹਨ।
ਬੀ ਸੀ ਤੋਂ ਅਲਬਰਟਾ ਅਤੇ
ਅਲਬਰਟਾ ਤੋਂ ਬੀ ਸੀ
ਟਰਾਂਸ ਸੋਰਸ ਨਾਲ ਸਾਰਾ ਦਿਨ ਕੰਮ
ਕਰਕੇ ਤੁਸੀਂ ਸ਼ਾਮ ਨੂੰ ਆਪਣੇ ਪਰਿਵਾਰ
ਅਤੇ ਬਚਿਆਂ ਨਾਲ ਕੀਮਤੀ
ਸਮਾਂ ਬਿਤਾ ਸਕਦੇ ਹੋ।
BC - ALBERTA
ALBERTA - BC
TRANSource FREIGHTWAYS
353
Fuel and Insurance Paid
by Company
NO DEDUCTIONS!!
ਸਾਡੀ ਕੰਪਨੀ
ਓਨਰ ਓਪਰੇਟਰਾਂ ਨੂੰ
ਲੋਕਲ ਅਤੇ ਹਾਈਵੇਅ ਰੂਟਾਂ
ਵਾਸਤੇ ਹਾਇਰ ਕਰ ਰਹੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH:604-525-0527 Ext 112
ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ
ਸ਼ਨੀਵਾਰ: 604–808–9805
Email:safety@transourcefreightways.com


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

## ਬੀਸੀ ਵਿਚ ਸਤੰਬਰ ਮਹੀਨੇ ਨਸ਼ੀਲੇ ਪਦਾਰਥਾਂ ਨਾਲ ਹਰ ਰੋਜ਼ ਲਗਪਗ 6 ਲੋਕਾਂ ਦੀ ਮੌਤ ਹੋਈ

ਵਿਕਟੋਰੀਆ-ਬੀਸੀ ਕੋਰੋਨਰਜ਼ ਸਰਵਿਸ ਦੇ ਤਾਜ਼ਾ ਅੰਕੜੇ ਦੱਸਦੇ ਹਨ ਕਿ ਸਾਲ ਦਰ ਸਾਲ ਅਨਿਯੰਤ੍ਰਿਤ ਨਸ਼ੀਲੇ ਪਦਾਰਥਾਂ ਨਾਲ ਮੌਤਾਂ ਘਟੀਆਂ ਹਨ ਪਰ ਸਤੰਬਰ 2023 ਵਿਚ ਹਰ ਰੋਜ਼ ਲਗਪਗ 6 ਵਿਅਕਤੀਆਂ ਦੀ ਮੌਤ ਹੋਈ ਹੈ। ਸਤੰਬਰ 2023 ਵਿਚ 175 ਸ਼ੱਕੀ ਅਨਿਯੰਤ੍ਰਿਤ ਨਸ਼ੀਲੇ ਪਦਾਰਥਾਂ ਨਾਲ ਮੌਤਾਂ ਹੋਈਆਂ ਜਿਹੜੀਆਂ ਸਤੰਬਰ 2022 ਨਾਲੋਂ ਲਗਪਗ 10 ਫ਼ੀਸਦੀ ਘੱਟ ਹਨ ਜਦੋਂ 194 ਮੌਤਾਂ ਹੀਆਂ ਸਨ। ਇਹ ਅਗਸਤ 2023 ਤੋਂ ਦੋ ਫ਼ੀਸਦੀ ਘੱਟ ਹਨ ਜਦੋਂ 178 ਮੌਤਾਂ ਹੋਈਆਂ ਸਨ। ਇਸ ਦੇ ਨਾਲ ਸਰਵਿਸ ਨੇ ਇਹ ਵੀ ਦੱਸਿਆ ਕਿ ਅਜੇ ਵੀ ਪ੍ਰਤੀ ਦਿਨ ਅਨਿਯੰਤ੍ਰਿਤ ਨਸ਼ੀਲੇ ਪਦਾਰਥਾਂ ਨਾਲ 6 ਵਿਅਕਤੀਆਂ ਦੀ ਮੌਤ ਹੋ ਰਹੀ ਹੈ।

## ਪੰਜਾਹ ਲੱਖ ਡਾਲਰ ਦੀ ਰੀਅਲ ਅਸਟੇਟ ਧੋਖਾਧੜੀ ਦੇ ਸਬੰਧ ਵਿਚ 17 ਵਿਅਕਤੀ ਗ੍ਰਿਫ਼ਤਾਰ

ਮਾਂਟਰੀਅਲ-ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੇ ਪੰਜਾਹ ਲੱਖ ਡਾਲਰ ਤੋਂ ਵੱਧ ਕੀਮਤ ਦੀ ਕਥਿਤ ਰੀਅਲ ਅਸਟੇਟ ਧੋਖਾਧੜੀ ਸਕੀਮ ਦੇ ਸਬੰਧ ਵਿਚ 17 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਦੱਸਿਆ ਕਿ ਕਥਿਤ ਧੋਖਾਧੜੀ ਗ੍ਰਹਿ ਦੇ ਮੈਂਬਰ ਪੰਜ ਪ੍ਰਾਪਰਟੀਜ਼ ਜਿਹੜੀ ਉਨ੍ਹਾਂ ਦੀ ਆਪਣੀ ਨਹੀਂ ਸੀ ਦੀ ਕੀਮਤ ਦੇ ਬਦਲੇ ਜਾਲ੍ਹੀ ਆਈਡੀ ਦੀ ਵਰਤੋਂ ਕਰਕੇ ਉਧਾਰ ਲੈਂਦੇ ਸੀ। ਉਹ ਕਾਨੂੰਨੀ ਦਸਤਾਵੇਜ਼ਾਂ 'ਤੇ ਦਸਤਖ਼ਤ ਕਰਨ ਲਈ ਜਾਲ੍ਹੀ ਆਈਡੀ ਵਰਤਦੇ ਅਤੇ ਅਸਲ ਮਾਲਕਾਂ ਦੇ ਨਾਂਅ 'ਤੇ ਬੈਂਕ ਖਾਤੇ ਖੁਲ੍ਹਵਾਉਂਦੇ ਸੀ।

## ਦੁਰਘਟਨਾ ਕਰਨ ਵਾਲੇ ਵਿਅਕਤੀ ਖਿਲਾਫ ਦੋਸ਼ ਆਇਦ

ਸਰੀ-ਐਬਟਸਫੋਰਡ ਦੇ ਵਾਸੀ ਵਿਅਕਤੀ ਖਿਲਾਫ ਦੋਸ਼ ਲਗਾਏ ਗਏ ਹਨ ਜਿਸ ਨੇ ਐਤਵਾਰ ਦੀ ਰਾਤ ਨੂੰ ਲੈਂਗਲੀ ਆਰਸੀਐਮਪੀ ਐਲਡਰਗਰੋਵ ਕਮਿਊਨਿਟੀ ਪੁਲਿਸ ਸਟੇਸ਼ਨ ਵਿਚ ਮੋਟਰ ਗੱਡੀ ਦੀ ਟੱਕਰ ਮਾਰ ਦਿੱਤੀ ਸੀ। ਡਰਾਈਵਰ ਜਿਸ ਨੂੰ ਮੌਕੇ ਤੋਂ ਜਾਣ ਪਿੱਛੋਂ ਨਸ਼ਾ ਕਰਕੇ ਮੋਟਰ ਗੱਡੀ ਚਲਾਉਣ ਬਦਲੇ ਗ੍ਰਿਫ਼ਤਾਰ ਕੀਤਾ ਗਿਆ ਸੀ ਖਿਲਾਫ ਖ਼ਤਰਨਾਕ ਤਰੀਕੇ ਨਾਲ ਮੋਟਰ ਗੱਡੀ ਚਲਾਉਣ ਦੇ ਦੋਸ਼ ਲਗਾਏ ਜਾ ਰਹੇ ਹਨ। ਇਸ ਦੁਰਘਟਨਾ ਵਿਚ ਮੋਟਰ ਗੱਡੀ ਵਿਚ ਸਵਾਰ ਇਕ ਔਰਤ ਜ਼ਖ਼ਮੀ ਹੋ ਗਈ ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ। ਡਰਾਈਵਰ ਦੁਰਘਟਨਾ ਪਿੱਛੋਂ ਪੈਦਲ ਹੀ ਮੌਕੇ ਤੋਂ ਭੱਜ ਗਿਆ ਪਰ ਉਸ ਨੂੰ ਥੋੜੀ ਦੂਰੋਂ ਲੱਭ ਕੇ ਗ੍ਰਿਫ਼ਤਾਰ ਕਰ ਲਿਆ। ਉਸ ਨੂੰ ਹੋਰ ਪੁੱਛਗਿੱਛ ਲਈ ਲੈਂਗਲੀ ਡਿਟੈਚਮੈਂਟ ਲਿਜਾਇਆ ਗਿਆ ਸੀ।




# ਨਵਾਂ ਇਤਿਹਾਸ ਸਿਰਜੇਗੀ ਫ਼ਿਲਮ ਸਰਾਭਾ-ਫ਼ਿਲਮ ਪ੍ਰਤੀ ਲੋਕਾਂ ਦਾ ਦੇਖਣ ਨੂੰ ਮਿਲ ਰਿਹਾ ਵੱਡਾ ਹੁੰਗਾਰਾ

ਲੈਂਗਲੀ (ਹੇਮ ਰਾਜ ਬੱਬਰ, ਰਜਨੀਸ਼ ਬਾਂਸਲ)-ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦੇ ਜੀਵਨ ਤੇ ਅਧਾਰਿਤ ਪੰਜਾਬੀ ਫਿਲਮ ਸਰਾਭਾ ਤਿੰਨ ਨਵੰਬਰ ਨੂੰ ਰਿਲੀਜ਼ ਹੋ ਰਹੀ ਹੈ ਤੇ ਇਸ ਫਿਲਮ ਬਾਰੇ ਪੂਰੀ ਜਾਣਕਾਰੀ ਦਿੰਦੇ ਹੋਏ ਫਿਲਮ ਦੇ ਪ੍ਰੋਡਿਊਸਰ ਅੰਮ੍ਰਿਤ ਸਰਾਭਾ ਨੇ ਕੈਨੇਡਾ ਦੇ ਲੈਂਗਲੀ ਸ਼ਹਿਰ ਵਿੱਚ ਸਾਡੇ ਪੱਤਰਕਾਰ ਨਾਲ ਗੱਲਬਾਤ ਕੀਤੀ ਤੇ ਇਸ ਫਿਲਮ ਸਰਾਭਾ ਬਾਰੇ ਦੱਸਦਿਆਂ ਕਿਹਾਕਿ ਇਹ ਫਿਲਮ ਬਣਾਉਣਾ ਓਨਾ ਦਾ ਸੁਫ਼ਨਾ ਸੀ,ਕਿਉਂਕਿ ਉਹ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਜਨਮ ਭੂਮੀ ਦੇ ਹੀ ਰਹਿਣ ਵਾਲੇ ਹਨ ਤੇ ਸ਼ੁਰੂ ਤੋ ਹੀ ਉਨਾਂ ਦੀਆਂ ਗੱਲਾਂ ਸੁਣ ਸੁਣ ਕੇ ਵੱਡੇ ਹੋਏ ਸਨ। ਇਸ ਮੌਕੇ ਉਨਾਂ ਇਹ ਵੀ ਦੱਸਿਆ ਕਿ ਇਸ ਫਿਲਮ ਦੇ ਡਾਇਰੈਕਟਰ ਕੇ ਕਵੀਰਾਜ ਜੋਂ ਕਿ ਕੈਲੀਫੋਰਨੀਆ ਦੇ ਮੰਨੇ ਪਰਮੰਨੇ ਡਾਇਰੈਕਟਰ ਹਨ ਤੇ ਉਨ੍ਹਾਂ ਨਾਲ ਮਿਲਕੇ ਇਸ ਫਿਲਮ ਨੂੰ ਬਣਾਉਣ ਵਿੱਚ ਪੰਜ ਸਾਲ ਲੱਗੇ ਤੇ ਇਸ ਫਿਲਮ ਦੀ ਸ਼ੂਟਿੰਗ ਕੈਲੀਫੋਰਨੀਆਂ,ਵੈਨਕੂਵਰ ਤੇ ਪੰਜਾਬ ਵਿੱਚ ਕੀਤੀ ਗਈ ਹੈ ਤੇ ਪੂਰੀ ਫਿਲਮ ਦੀ ਸਟਾਰ ਕਾਸਟ ਵਿੱਚ ਮੁੱਖ ਰੂਪ ਵਿੱਚ ਜਪਤੇਜ ਸਿੰਘ,ਉੱਘੇ ਬਾਲੀਵੁੱਡ ਸਟਾਰ ਮੁਕੁਲ ਦੇਵ,ਮਲਕੀਤ ਰੌਣੀ,ਜਸਵੀਰ ਜੱਸੀ,ਜਸਪਿੰਦਰ ਚੀਮਾ,ਮਹਾਂਵੀਰ ਭੁੱਲਰ ਨੇ ਵੀ ਇਸ




ਫਿਲਮ ਨੂੰ ਪੂਰਾ ਕਰਨ ਵਿੱਚ ਆਪਣੀ ਪੂਰੀ ਮਿਹਨਤ ਕੀਤੀ ਹੈ। ਪ੍ਰੋਡਿਊਸਰ ਅੰਮ੍ਰਿਤ ਸਰਾਭਾ ਜੋ ਲੈਂਗਲੀ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਨਾਮ ਤੇ ਡਰਾਈਵਿੰਗ ਸਕੂਲ ਵੀ ਚਲਾਉਂਦੇ ਹਨ ਤੇ ਇਸ ਫਿਲਮ ਨੂੰ ਤਿੰਨ ਨਵੰਬਰ ਨੂੰ ਵੱਧ ਤੋਂ ਵੱਧ ਲੋਕਾਂ ਨੂੰ ਸਿਨੇਮਾ ਘਰਾਂ ਵਿੱਚ ਜਾ ਕੇ ਦੇਖਣ ਦੀ ਅਪੀਲ ਕਰਦਿਆਂ ਕਹਿੰਦੇ ਹਨ ਕਿ ਉਹ ਆਪਣੇ ਵਲੋਂ ਤੇ ਆਪਣੀ ਟੀਮ ਨਾਲ ਮਿਲਕੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਕੌਮੀ ਸ਼ਹੀਦ ਦਾ ਦਰਜਾ ਦਿਵਾਉਣ ਲਈ ਵੀ ਲਗਾਤਾਰ ਉਪਰਾਲੇ ਕਰ ਰਹੇ ਹਨ ਤੇ ਆਉਣ ਵਾਲੀ 16 ਨਵੰਬਰ ਨੂੰ ਉਨਾਂ ਦਾ ਸ਼ਹੀਦੀ ਦਿਹਾੜਾ ਵੀ ਹੈ ਤੇ ਉਹ ਪੰਜਾਬ ਸਰਕਾਰ ਤੋ ਆਸ ਕਰਦੇ ਹਨ ਕਿ ਉਹ ਆਪਣੀਆਂ ਕੋਸ਼ਿਸ਼ਾਂ ਜਰੀਏ ਇਸ ਵਾਰ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਉਨਾਂ ਨੂੰ ਕੌਮੀ ਸ਼ਹੀਦ ਦਾ ਦਰਜਾ ਵੀ ਦਿਵਾਉਣਗੇ। ਇਸ ਮੌਕੇ ਉਨਾਂ ਹੋਰਨਾਂ ਤੋਂ ਇਲਾਵਾ ਕਿਰਨਪਾਲ ਕੈਨੇਡਾ,ਚੇਅਰਮੈਨ ਅਵਤਾਰ ਸਿੰਘ ਗਰੇਵਾਲ,ਪ੍ਰਧਾਨ ਇੰਦਰਜੀਤ ਸਿੰਘ ਸਪੋਰਟਸ ਕਲੱਬ, ਜਰਨਲਿਸਟ ਤਰਲੋਚਨ ਸਿੰਘ, ਚਿਲਾਵੈਕ ਡਰਾਈਵਿੰਗ ਸਕੂਲ ਤੋ ਸੁੱਖ ਗਰੇਵਾਲ,ਰਣਜੀਤ ਬਰਾੜ ਤੇ ਚਮਕੌਰ ਗਿੱਲ ਸਮੇਤ ਸਨੀ ਢਿੱਲੋਂ ਤੇ ਸੁਖਵੰਤ ਚਾਹਲ ਵੀ ਹਾਜਿਰ ਸਨ।







# ਸਾਨਫਰਾਂਸਿਸਕੋ (ਕੈਲੀਫੋਰਨੀਆ) ਵਿਖੇ ਗ਼ਦਰੀ ਸਮਾਰਕ 'ਤੇ ਪਹੁੰਚ ਕੇ ਪੰਜਾਬੀ ਲੇਖਕ ਗ਼ਦਰੀ ਬਾਬਿਆਂ ਨੂੰ ਨਤਮਸਤਕ ਹੋਏ

## ਇੱਥੇ ਪਹੁੰਚ ਕੇ ਅਸੀਂ ਬਹੁਤ ਹੀ ਰੋਮਾਂਚਿਕ ਅਨੁਭਵ ਵਿੱਚੋਂ ਗੁਜ਼ਰ ਰਹੇ ਹਾਂ-ਡਾ. ਵਰਿਆਮ ਸੰਧੂ

ਸਨਫਰਾਂਸਿਸਕੋ (ਹਰਦਮ ਮਾਨ)-ਸਨਫਰਾਂਸਿਸਕੋ (ਕੈਲੀਫੋਰਨੀਆ) ਵਿਖੇ ਗ਼ਦਰੀ ਸਮਾਰਕ 'ਤੇ ਪਹੁੰਚ ਕੇ ਪੰਜਾਬੀ ਲੇਖਕ ਗ਼ਦਰੀ ਬਾਬਿਆਂ ਨੂੰ ਨਤਮਸਤਕ ਹੋਏ। ਇਨ੍ਹਾਂ ਲੇਖਕਾਂ ਦੀ ਅਗਵਾਈ ਨਾਮਵਰ ਪੰਜਾਬੀ ਕਹਾਣੀਕਾਰ ਡਾ. ਵਰਿਆਮ ਸੰਧੂ ਨੇ ਕੀਤੀ। ਇਸ ਮੌਕੇ ਬੋਲਦਿਆਂ ਡਾ. ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਅੱਜ ਜਦੋਂ ਅਸੀਂ ਗਦਰੀ ਬਾਬਿਆਂ ਦੀ ਯਾਦਗਾਰ ਦੇ ਸਾਹਮਣੇ ਖੜ੍ਹੇ ਹਾਂ ਤਾਂ ਅਸੀਂ ਆਪਣੇ ਆਪ ਨੂੰ ਬੜੇ ਮਾਣਮੱਤੇ ਮਹਿਸੂਸ ਕਰ ਰਹੇ ਹਾਂ। ਸਨਫਰਾਂਸਿਸਕੋ ਵਿਖੇ ਇਹ ਉਹ ਸਥਾਨ ਹੈ ਜਿੱਥੇ ਮਹਾਨ ਗਦਰੀ ਯੋਧਿਆ ਵੱਲੋਂ ਗ਼ਦਰੀ ਮੈਮੋਰੀਅਲ ਸਥਾਪਿਤ ਕੀਤਾ ਗਿਆ ਸੀ, ਜਿੱਥੋਂ ਗ਼ਦਰ ਅਖਬਾਰ ਨਿਕਲਦੀ ਰਹੀ। ਜਿੱਥੇ ਬਾਬਾ ਸੋਹਣ ਸਿੰਘ ਭਕਨਾ, ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਤੇ ਹੋਰਨਾਂ ਮਹਾਨ ਸੂਰਬੀਰਾਂ ਦੇ ਚਰਨ ਲੱਗੇ ਸਨ, ਕਦਮ ਚਾਪ ਹੋਈ ਸੀ। ਇੱਥੇ ਪਹੁੰਚ ਕੇ ਅਸੀਂ ਬਹੁਤ ਹੀ ਰੋਮਾਂਚਿਕ ਅਨੁਭਵ ਵਿੱਚੋਂ ਗੁਜ਼ਰ ਰਹੇ ਹਾਂ, ਸਾਡੇ ਸਾਹਮਣੇ ਜਿਹੜੀ ਸੜਕ ਹੈ, ਜਿਹੜਾ ਏਰੀਆ ਹੈ, ਸਾਨੂੰ ਲੱਗਦਾ ਕਿ ਇਹਨਾਂ ਸੜਕਾਂ ਦੇ ਉੱਤੇ ਉਹਨਾਂ ਸਾਡੇ ਬਾਬਿਆਂ ਦੀ ਕਦਮ ਚਾਪ ਲੱਗੀ ਹੋਵੇਗੀ। ਇਨ੍ਹਾਂ ਤੇ ਹੀ ਸੋਹਣ ਸਿੰਘ ਭਕਨਾ ਤੁਰਦੇ ਹੋਣਗੇ, ਇੱਥੇ ਹੀ ਕਰਤਾਰ ਸਿੰਘ ਸਰਾਭਾ ਤੁਰਦਾ ਹੋਵੇਗਾ। ਇਸ ਅਹਿਸਾਸ ਵਿੱਚੋਂ ਗੁਜ਼ਰਨਾ ਹੀ ਆਪਣੇ ਆਪ ਦੇ ਵਿੱਚ ਇੱਕ ਬਹੁਤ ਮਾਣ ਮੱਤਾ ਅਨੁਭਵ ਹੈ। ਉਹਨਾਂ ਗਦਰੀ ਯੋਧਿਆਂ ਨੇ ਦੇਸ਼ ਦੀ ਆਜ਼ਾਦੀ ਵਾਸਤੇ ਜੋ ਇਥੇ ਸੰਗਰਾਮ ਵਿੱਢਿਆ ਅਤੇ ਕਿਸ ਤਰ੍ਹਾਂ ਉਹ ਸਿਰਾਂ ਉੱਤੇ ਕੱਫਣ ਬੰਨ੍ਹ ਕੇ ਦੇਸ਼ ਨੂੰ ਗਏ ਅਤੇ ਆਪਣਾ ਆਪ ਕੁਰਬਾਨ ਕੀਤਾ, ਫਾਂਸੀਆਂ ਤੇ ਚੜ੍ਹੇ, ਕਾਲੇ ਪਾਣੀਆਂ ਦੀਆਂ ਕੈਦਾਂ ਭੁਗਤੀਆਂ, ਦੇਸ਼ ਨੂੰ ਇੱਕ ਨਵੀਂ ਤਰਾਂ ਦਾ ਆਜ਼ਾਦੀ ਸੰਗਰਾਮ ਦਾ ਵਰ ਦਿੱਤਾ, ਜਿਸ ਉੱਤੇ ਚੱਲ ਕੇ ਸਾਡੀ ਜਿਹੜੀ ਕਮਿਊਨਿਸਟ ਲਹਿਰ ਵੀ ਅੱਗੇ ਉਸਰੀ ਜਿੱਥੇ ਅੱਗੇ ਜਾ ਕੇ ਗਦਰੀ ਬਾਬਿਆਂ ਦੇ ਪੈਰੋਕਾਰ ਸ਼ਹੀਦ ਭਗਤ ਸਿੰਘ ਹੋਣੀ, ਬੱਬਰ ਅਕਾਲੀ ਅਤੇ ਇਹਨਾਂ ਸਾਰਿਆਂ ਲੋਕਾਂ ਨੇ ਉਹਨਾਂ ਦੇ ਨਕਸ਼ੇ ਕਦਮ ਤੇ ਚੱਲ ਕੇ ਆਜ਼ਾਦੀ ਸੰਗਰਾਮ ਵਿੱਚ ਆਪਣਾ ਯੋਗਦਾਨ ਪਾਇਆ।

ਡਾ. ਵਰਿਆਮ ਸੰਧੂ ਨੇ ਕਿਹਾ ਕਿ ਇਸ ਵੇਲੇ ਮੇਰੇ ਨਾਲ ਪੰਜਾਬੀ ਅਦਬ ਦੇ ਵਿੱਚ ਬਹੁਤ ਉੱਚਾ ਮੁਕਾਮ ਵਾਲੇ ਲੇਖਕ ਮੌਜੂਦ ਹਨ ਅਤੇ ਉਹ ਸਾਰੀ ਉਸ ਪਰੰਪਰਾ ਦੇ ਨਾਲ ਜੁੜੇ ਹੋਏ ਹਨ ਜਿਹੜੀ ਪਰੰਪਰਾ ਸਾਨੂੰ ਗਦਰੀ ਕਾਵਿ ਨੇ ਦਿੱਤੀ ਸੀ, ਗਦਰੀ ਵਾਰਤਕ ਨੇ ਦਿੱਤੀ ਸੀ, ਗ਼ਦਰੀ ਸਹਿਤ ਨੇ ਦਿੱਤੀ ਸੀ। ਗ਼ਦਰੀ ਬਾਬਿਆਂ ਨੇ ਜਦੋਂ ਗਦਰ ਅਖਬਾਰ ਕੱਢਿਆ ਸੀ ਉਹਦੇ ਪਹਿਲੇ ਸਫੇ ਉੱਤੇ ਪਹਿਲਾ ਜਿਹੜਾ ਲੇਖ ਸੀ ਉਹਦੇ ਵਿਚ ਲਿਖਿਆ ਸੀ ਕਿ ਅੱਜ ਵਿਦੇਸ਼ੀ ਧਰਤੀਆਂ ਤੋਂ ਆਪਣੀ ਜ਼ੁਬਾਨ ਦੇ ਵਿੱਚ ਅੰਗਰੇਜ਼ੀ ਸਾਮਰਾਜ ਦੇ ਖਿਲਾਫ਼ ਜੰਗ ਆਰੰਭ ਦਿੱਤੀ ਗਈ ਹੈ ਅਤੇ ਜਿਹੜੀ ਜ਼ੁਬਾਨ ਦੇ ਵਿੱਚ ਉਹਨਾਂ ਨੇ ਜੰਗ ਆਰੰਭੀ ਸੀ, ਉਸੇ ਜ਼ੁਬਾਨ ਦੇ ਵਿੱਚ ਹੀ ਅੱਜ ਵੀ ਜ਼ੁਲਮ ਦੇ ਖਿਲਾਫ ਲੜਨ ਵਾਸਤੇ ਇਹ ਜਿਹੜੇ ਸਾਡੇ ਨੌਜਵਾਨ ਲੇਖਕ ਨੇ, ਇਹਨਾਂ ਨੇ ਉਸ ਜੰਗ ਨੂੰ ਅੱਗੇ ਤੋਰਿਆ ਹੋਇਆ ਹੈ ਅਤੇ ਗ਼ਦਰੀ ਬਾਬਿਆਂ ਦੇ ਨਕਸ਼ੇ ਕਦਮ ਤੇ ਚੱਲਦੇ ਹੋਏ ਉਹਨਾਂ ਦੀ ਆਵਾਜ਼ ਨੂੰ ਅੱਗੇ ਲੈ ਕੇ ਤੁਰ ਰਹੇ ਹਨ। ਇਹਨਾਂ ਵਾਸਤੇ ਵੀ ਇਹ ਬਹੁਤ ਖ਼ੁਸ਼ੀ ਤੇ ਮਾਣ ਦਾ ਮੁਕਾਮ ਹੈ ਕਿ ਇਹਨਾਂ ਨੇ ਆਪਣੀ ਵਿਰਾਸਤ ਨੂੰ ਆਪਣੇ ਕਲੇਜੇ ਨਾਲ ਲਾ ਕੇ ਰੱਖਿਆ ਹੈ। ਉਨ੍ਹਾਂ ਕਿਹਾ ਕਿ ਅੱਜ ਅਸੀਂ ਆਪਣੇ ਕਲੇਜੇ ਨਾਲ ਲਾ ਕੇ ਰੱਖੇ ਬਾਬਿਆਂ ਨੂੰ ਅਤੇ ਉਨ੍ਹਾਂ ਦੀ ਯਾਦ ਨੂੰ ਨਤਮਸਤਕ ਹੁੰਦੇ ਹਾਂ। ਇਸ ਵੇਲੇ ਜਦੋਂ ਦੇਸ਼ ਭਗਤ ਯਾਦਗਾਰ ਹਾਲ ਵਿੱਚ ਉਹਨਾਂ ਦੀ ਯਾਦ ਵਿੱਚ ਮੇਲਾ ਮਨਾਇਆ ਜਾ ਰਿਹਾ ਹੈ ਤਾਂ ਅੱਜ ਅਸੀਂ ਉਸੇ ਮੇਲੇ ਦੇ ਵਿੱਚ ਵੀ ਆਪਣੇ ਆਪ ਨੂੰ ਸ਼ਾਮਲ ਸਮਝਦੇ ਹਾਂ। ਕੈਲੀਫੋਰਨੀਆ ਵਿਖੇ ਗ਼ਦਰੀ ਬਾਬਿਆਂ ਨੂੰ ਨਤਮਸਤਕ ਹੋਣ ਵਾਲਿਆਂ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਤੇ ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਪੰਜਾਬੀ ਦੇ ਨਾਮਵਰ ਗਜ਼ਲਗੋ ਜਸਵਿੰਦਰ, ਪੰਜਾਬੀ ਸ਼ਾਇਰ ਜਸਵੰਤ ਜਫਰ, ਖਾਲਸਾ ਕਾਲਜ ਅੰਮ੍ਰਿਤਸਰ ਦੇ ਪੰਜਾਬੀ ਵਿਭਾਗ ਦੇ ਮੁਖੀ ਡਾਕਟਰ ਆਤਮ ਰੰਧਾਵਾ, ਪ੍ਰਸਿੱਧ ਕਹਾਣੀਕਾਰ ਅਜਮੇਰ ਸਿੱਧੂ, ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੇਲੇਫੋਰਨੀਆ ਦੇ ਪ੍ਰਧਾਨ ਅਤੇ ਪ੍ਰਸਿੱਧ ਪੰਜਾਬੀ ਸ਼ਾਇਰ ਕੁਲਵਿੰਦਰ ਤੇ ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ, ਪੰਜਾਬੀ ਸ਼ਾਇਰ ਰਵਿੰਦਰ ਸਹਿਰਾਅ, ਹਰਦਮ ਸਿੰਘ ਮਾਨ, ਦਲਬੀਰ ਕੌਰ (ਯੂਕੇ), ਪ੍ਰਸਿੱਧ ਪੰਜਾਬੀ ਗਜ਼ਲ ਗਾਇਕ ਸੁਖਦੇਵ ਸਾਹਿਲ, ਰਕਿੰਦ ਕੌਰ, ਸ਼ਾਇਰ ਸਤੀਸ਼ ਗੁਲਾਟੀ, ਰਾਜਵੰਤ ਕੌਰ ਸੰਧੂ, ਅੰਜੂ ਗੁਲਾਟੀ, ਨੀਰੂ ਸਹਿਰਾਅ ਸ਼ਾਮਲ ਸਨ।

OASIS WINDOWS INC.
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES
Lifetime Limited Warranty



"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com

TPSG
IMMIGRATION CONSULTANCY INC.
STUDY & WORK IN CANADA
We Provide All Kinds Of Immigration Services
• LMIA • PNP
• Express Entry
• Student Visa
• Study Permit
• Work Permit
• Visitor Visa
• Family Sponsorship
• Super Visa
• Permanent Resident
• Citizenship
MOVED TO NEW LOCATION
• ਐਲ.ਐਮ ਆਈ ਏ
• ਪੀ.ਐਨ.ਪੀ
• ਐਕਸਪ੍ਰੈਸ ਐਂਟਰੀ
• ਫੈਮਲੀ ਸਪਾਂਸਰਸ਼ਿਪ
• ਵਿਜ਼ਟਰ ਵੀਜ਼ਾ
• ਸੱਟਡੀ ਪਰਮਿਟ
• ਵਰਕ ਪਰਮਿਟ
• ਸੁਪਰ ਵੀਜ਼ਾ
• ਪੀ.ਆਰ
• ਸਿਟੀਜ਼ਨਸ਼ਿਪ
ਸਟਾਰਟਅੱਪ ਵੀਜ਼ਾ ਪ੍ਰੋਗਰਾਮ (ਬਿਜ਼ਨਸ)



Office: 778-590-5906
Email: tpsgimmigration@telus.net
Website: www.tpsgimmigration.com
8132 130 St., Surrey BC, V3W 8J9
Meet the best in our team of specialist and let help you get to where you want to go.
TEJINDER GREWAL: 604-837-3101
License No. 562






# ਗਿਆਨੀ ਗੁਰਦਿੱਤ ਸਿੰਘ ਦੀ ਕਿਤਾਬ 'ਮੇਰਾ ਪਿੰਡ' ਦੇਸ਼ ਦੀਆਂ 24 ਭਾਸ਼ਾਵਾਂ ਵਿਚ ਛਪੇਗੀ-ਡਾ. ਰਵੇਲ ਸਿੰਘ

ਸਰੀ, 1 ਨਵੰਬਰ (ਹਰਦਮ ਮਾਨ)- ਗਿਆਨੀ ਗੁਰਦਿੱਤ ਸਿੰਘ ਦੀ 'ਮੇਰਾ ਪਿੰਡ' ਪੁਸਤਕ ਦਾ ਅਨੁਵਾਦ 24 ਭਾਰਤੀ ਭਾਸ਼ਾਵਾਂ ਵਿੱਚ ਕੀਤਾ ਜਾਵੇਗਾ। ਇਹ ਐਲਾਨ ਚੰਡੀਗੜ੍ਹ ਸਾਹਿਤਕ ਅਕਾਦਮੀ ਵੱਲੋਂ ਪੀਪਲਜ਼ ਕਨਵੈਨਸ਼ਨ ਸੈਂਟਰ ਚੰਡੀਗੜ੍ਹ ਵਿਖੇ ਗਿਆਨੀ ਗੁਰਦਿੱਤ ਸਿੰਘ ਦੀ ਜਨਮ ਸ਼ਤਾਬਦੀ ਸਬੰਧੀ ਕਰਵਾਏ ਗਏ ਵਿਸ਼ੇਸ਼ ਸਮਾਗਮ ਦੌਰਾਨ ਸਾਹਿਤ ਅਕਾਦਮੀ ਦਿੱਲੀ ਦੇ ਪ੍ਰਧਾਨ ਮਾਧਵ ਕੌਸ਼ਿਕ ਅਤੇ ਅਕਾਦਮੀ ਵੱਲੋਂ ਪੰਜਾਬੀ ਬੋਲੀ ਦੀ ਕਮੇਟੀ ਦੇ ਨੈਸ਼ਨਲ ਕਨਵੀਨਰ ਡਾ. ਰਵੇਲ ਸਿੰਘ ਨੇ ਕੀਤਾ। ਇਸ ਸਮਾਗਮ ਦੀ ਪ੍ਰਧਾਨਗੀ ਪਦਮ ਸ਼੍ਰੀ ਸੁਰਜੀਤ ਸਿੰਘ ਪਾਤਰ ਨੇ ਕੀਤੀ ਅਤੇ ਮੁੱਖ ਮਹਿਮਾਨ ਡਾ. ਰਵੇਲ ਸਿੰਘ ਸਨ। ਪਟਿਆਲੇ ਤੋਂ ਵਿਸ਼ੇਸ਼ ਸੱਦੇ ਉਤੇ ਪਹੁੰਚੇ ਡਾ. ਜਸਵਿੰਦਰ ਸਿੰਘ ਨੇ ਆਪਣੇ ਵਿਦਵਤਾ ਭਰਪੂਰ ਭਾਸ਼ਨ ਦੌਰਾਨ 'ਮੇਰਾ ਪਿੰਡ' ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਇਹ ਕਿਤਾਬ ਵਾਰ-ਵਾਰ ਪੜ੍ਹਨ ਨਾਲ ਇਸ ਵਿੱਚੋਂ ਹਰ ਵਾਰ ਕੁਝ ਨਾ ਕੁਝ ਨਵਾਂ ਸਿੱਖਣ ਲਈ ਮਿਲਦਾ ਹੈ। ਇਸ ਪੁਸਤਕ ਵਿੱਚ ਪੰਜਾਬੀ ਜੀਵਨ ਦਾ ਖੇੜਾ, ਖੁਸ਼ੀ-ਗ਼ਮੀ, ਜਨਮ-ਮਰਨ ਤੋਂ ਲੈ ਕੇ ਹਰ ਗੱਲ ਦਾ ਜ਼ਿਕਰ ਇਸ ਢੰਗ ਨਾਲ ਪੇਸ਼ ਕੀਤਾ ਗਿਆ ਹੈ ਕਿ ਗਿਆਨੀ ਜੀ ਆਪ ਇਸ ਵਿੱਚ ਕਿਸੇ ਸਿੱਧੇ ਰੂਪ ਵਿੱਚ ਨਜ਼ਰ ਨਹੀਂ ਆਉਂਦੇ। ਲੇਖਕ ਨੇ ਵਿਲੱਖਣ ਢੰਗ ਨਾਲ ਸਭਿਆਚਾਰਕ, ਧਾਰਮਿਕ ਅਤੇ ਰਾਜਨੀਤਕ ਵੰਨਗੀਆਂ ਪੇਸ਼ ਕੀਤੀਆਂ ਹਨ। ਡਾ. ਮਨਜਿੰਦਰ ਸਿੰਘ ਮੁਖੀ ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਗਿਆਨੀ ਗੁਰਦਿੱਤ ਸਿੰਘ ਦੀਆਂ ਧਾਰਮਿਕ ਕਿਤਾਬਾਂ, 'ਇਤਿਹਸ ਸ੍ਰੀ ਗੁਰੂ ਗ੍ਰੰਥ ਸਾਹਿਬ', 'ਭਗਤ ਬਾਣੀ', 'ਇਤਿਹਸ ਸ੍ਰੀ ਗੁਰੂ ਗ੍ਰੰਥ ਸਾਹਿਬ ਮੁੰਦਾਵਣੀ' ਅਤੇ ਉਨ੍ਹਾਂ ਦੀ ਪੁਰਾਣੀ ਕਿਤਾਬ 'ਭੱਟ' ਤੇ ਉਨ੍ਹਾਂ ਦੀ ਰਚਨਾ ਬਾਰੇ ਚਾਨਣਾ ਪਾਇਆ। ਗਿਆਨੀ ਗੁਰਦਿੱਤ ਸਿੰਘ ਦੇ ਸਪੁੱਤਰ ਰੂਪਿੰਦਰ ਸਿੰਘ (ਸਾਬਕਾ ਐਸੋਸੀਏਟ ਐਡੀਟਰ ਦੀ ਟ੍ਰਿਬਿਊਨ) ਨੇ ਯਾਦਾਂ ਸਾਂਝੀਆਂ ਕਰਦਿਆਂ ਦੱਸਿਆ ਕਿ ਭਾਵੇਂ ਗਿਆਨੀ ਜੀ ਆਮ ਤੌਰ ਉਤੇ ਖੱਬੇ ਹੱਥ ਨਾਲ ਲਿਖਦੇ ਸਨ ਪਰ ਜਦੋਂ ਉਹ 30-32 ਸਫੇ ਲਿਖ ਲੈਂਦੇ ਸਨ ਤਾਂ ਫੇਰ ਬਾਕੀ ਲਿਖਤ ਸੱਜੇ ਹੱਥ ਨਾਲ ਲਿਖਣਾ ਸ਼ੁਰੂ ਕਰ ਦਿੰਦੇ ਸਨ। ਇਸ ਤਰ੍ਹਾਂ ਉਹ ਦੋਵੇਂ ਹੱਥੀਂ ਲਿਖਦੇ ਸਨ। ਉਨ੍ਹਾਂ ਇਹ ਵੀ ਦੱਸਿਆ ਕਿ ਗਿਆਨੀ ਜੀ ਦੀ ਲਿਖਾਈ ਸਾਥੋਂ ਨਹੀਂ ਪੜ੍ਹੀ ਜਾਂਦੀ ਸੀ, ਉਨ੍ਹਾਂ ਦੀ ਲਿਖਾਈ ਸਿਰਫ਼ ਉਨ੍ਹਾਂ ਦਾ ਵਿਸ਼ੇਸ਼ ਟਾਈਪਿਸਟ ਹੀ ਪੜ੍ਹਦਾ ਹੁੰਦਾ ਸੀ ਅਤੇ ਪਾਪਾ ਜੋ ਵੀ ਲਿਖਦੇ ਸਨ ਪਹਿਲਾਂ ਮਾਤਾ ਜੀ ਨੂੰ ਜ਼ਰੂਰ ਪੜ੍ਹਾਉਂਦੇ ਸਨ। ਮੇਰਾ ਪਿੰਡ ਦੇ ਪਹਿਲੇ ਪਰੂਫ ਵੀ ਮਾਤਾ ਜੀ ਨੇ ਹੀ ਪੜ੍ਹੇ ਸਨ। ਪ੍ਰਸਿੱਧ ਪੰਜਾਬੀ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਨੇ ਦੱਸਿਆ ਕਿ ਗਿਆਨੀ ਜੀ ਨੇ ਜਿੱਥੇ ਸ਼ਾਹਕਾਰ ਕਿਤਾਬ 'ਮੇਰਾ ਪਿੰਡ' ਲਿਖੀ, ਉਥੇ ਉਨ੍ਹਾਂ ਹੋਰ ਅਨੇਕਾਂ ਧਾਰਮਿਕ ਕਿਤਾਬਾਂ ਵੀ ਲਿਖੀਆਂ। 1200 ਗੁਰਦੁਆਰਿਆਂ ਬਾਰੇ ਖੋਜ ਕਰਨ ਦੇ ਨਾਲ-ਨਾਲ ਉਨ੍ਹਾਂ ਸਿੱਖਾਂ ਦੇ ਪੰਜਵੇਂ ਤਖ਼ਤ ਤਲਵੰਡੀ ਸਾਬੋ (ਦਮਦਮਾ ਸਾਹਿਬ) ਬਾਰੇ ਖੋਜ ਕੀਤੀ, ਜਿਸ ਦੀ ਬੁਨਿਆਦ ਉੱਤੇ ਦਮਦਮਾ ਸਾਹਿਬ ਨੂੰ ਪੰਜਵੇਂ ਤਖ਼ਤ ਦੇ ਤੌਰ 'ਤੇ ਮਾਨਤਾ ਦਿੱਤੀ ਗਈ। ਬਲਦੇਵ ਸਿੰਘ ਨੇ ਗਿਆਨੀ ਗੁਰਦਿੱਤ ਸਿੰਘ 'ਤੇ ਸਾਹਿਤਕ ਅਕਾਦਮੀ ਦਿੱਲੀ ਵੱਲੋਂ ਪ੍ਰਕਾਸਿਤ ਮੋਨੋਗ੍ਰਾਮ ਲਿਖੀ ਹੈ, ਜੋ 'ਭਾਰਤੀ ਸਾਹਿਤ ਦੇ ਨਿਰਮਾਤਾ' ਲੜੀ ਵਿੱਚ ਛਾਪੀ ਗਈ ਹੈ। ਡਾ. ਅਵਤਾਰ ਸਿੰਘ ਨੇ 'ਮੇਰਾ ਪਿੰਡ' ਬਾਰੇ ਬੋਲਦਿਆਂ ਕਿਹਾ ਕਿ ਇਸ ਪੁਸਤਕ ਰਾਹੀਂ ਪੇਂਡੂ ਸਮਾਜ ਨੂੰ ਅਸੀਂ ਸ਼ੀਸ਼ੇ ਵਾਂਗ ਦੇਖਦੇ ਹਾਂ, ਚਾਹੇ ਕੁਝ ਸਮਾਜਿਕ ਹਨੇਰੇ ਕੋਨਿਆਂ 'ਤੇ ਪੂਰੀ ਰੌਸ਼ਨੀ ਨਹੀਂ ਪੈਂਦੀ। ਅਕਾਦਮੀ ਦੇ ਸੈਕਟਰੀ ਸੁਭਾਸ਼ ਭਾਸਕਰ ਨੇ ਪ੍ਰੋਗਰਾਮ ਦੀ ਅਗਵਾਈ ਕੀਤੀ। ਚੰਡੀਗੜ੍ਹ ਸਾਹਿਤਕ ਅਕਾਦਮੀ ਦੇ ਵਾਈਸ ਚੇਅਰਮੈਨ ਮਨਮੋਹਨ ਨੇ ਗਿਆਨੀ ਗੁਰਦਿੱਤ ਸਿੰਘ ਦੇ ਜੀਵਨ ਅਤੇ ਰਚਨਾ ਬਾਰੇ ਸੰਖੇਪ ਜਾਣਕਾਰੀ ਦਿੱਤੀ। ਚੇਅਰਮੈਨ ਮਾਧਵ ਕੌਸ਼ਿਕ ਨੇ ਕਿਹਾ ਕਿ ਅੱਜ-ਕੱਲ੍ਹ ਪੰਜਾਬੀ ਦੇ ਬਹੁਤੇ ਲੇਖਕਾਂ ਦੀਆਂ ਲਿਖਤਾਂ ਉਨ੍ਹਾਂ ਦੇ ਮਰਨ ਉਪਰੰਤ ਹੀ ਖ਼ਤਮ ਹੋ ਜਾਂਦੀਆਂ ਹਨ ਪ੍ਰੰਤੂ ਗਿਆਨੀ ਗੁਰਦਿੱਤ ਸਿੰਘ ਦੀ 'ਮੇਰਾ ਪਿੰਡ' ਐਸੀ ਕਲਾਸਿਕ ਰਚਨਾ ਹੈ ਕਿ ਉਨ੍ਹਾਂ ਤੋਂ ਬਾਅਦ ਵੀ ਬੁਲੰਦੀ ਨਾਲ ਪੜ੍ਹੀ ਜਾ ਰਹੀ ਹੈ। ਸਮਾਗਮ ਵਿਚ ਹਾਜਰ ਪਤਵੰਤੇ ਸਰੋਤਿਆਂ ਵਿੱਚ ਅਲਾਹਾਬਾਦ ਹਾਈ ਕੋਰਟ ਦੇ ਸਾਬਕਾ ਚੀਫ਼ ਜਸਟਿਸ ਐਸ.ਐਸ. ਸੋਢੀ ਅਤੇ ਸ੍ਰੀਮਤੀ ਬੋਨੀ ਸੋਢੀ, ਪੰਜਾਬੀ ਟ੍ਰਿਬਿਊਨ ਦੇ ਸਾਬਕਾ ਐਡੀਟਰ ਗੁਲਜ਼ਾਰ ਸਿੰਘ ਸੰਧੂ, ਗੁਰਦੀਸ਼ ਸਿੰਘ ਚੀਮਾ ਆਈ.ਏ.ਐਸ., ਅਵਤਾਰ ਸਿੰਘ ਪਾਲ, ਪ੍ਰਿੰਸੀਪਲ ਗੁਰਦੇਵ ਕੌਰ, ਲੇਖਕ ਮਨਮੋਹਨ ਸਿੰਘ ਦਾਊਂ, ਕੇਂਦਰੀ ਸਿੰਘ ਸਭਾ ਦੇ ਆਗੂ ਡਾ. ਖੁਸ਼ਹਾਲ ਸਿੰਘ ਅਤੇ ਗੁਰਪ੍ਰੀਤ ਸਿੰਘ, ਪੰਜਾਬ ਡਿਜ਼ੀਟਲ ਲਾਇਬਰੇਰੀ ਦੇ ਦੇਵਿੰਦਰ ਸਿੰਘ, ਉੱਘੇ ਅਲੋਚਕ ਜਸਪਾਲ ਸਿੰਘ, ਉੱਘੇ ਚਿੱਤਰਕਾਰ ਆਰ.ਐਮ. ਸਿੰਘ ਅਤੇ ਗੁਰਪ੍ਰੀਤ ਸਿੰਘ ਹਾਜ਼ਰ ਸਨ।








# ਇੰਟਰਨੈੱਟ ਦੇ ਵੱਡੇ ਪੁਆੜੇ

## ਆਪਸ 'ਚ ਗੱਲਾਂ ਕਰਨ ਦੀ ਥਾਂ ਲੋਕ ਮੋਬਾਈਲਾਂ ਨੂੰ ਚਿੰਬੜੇ ਹੋਏ ਨਜ਼ਰ ਆਉਂਦੇ ਹਨ

**ਡਾ. ਰਣਜੀਤ ਸਿੰਘ**
94170-87328

ਮੋਬਾਈਲ ਸਾਡੇ ਜੀਵਨ ਦਾ ਅਨਿੱਖੜਵਾਂ ਅੰਗ ਬਣ ਗਿਆ ਹੈ। ਪੰਜਾਬ ਵਿਚ ਕੋਈ ਵੀ ਪਰਿਵਾਰ ਅਜਿਹਾ ਨਹੀਂ ਹੈ ਜਿਸ ਕੋਲ ਫੋਨ ਨਾ ਹੋਵੇ। ਬਹੁਤੇ ਪਰਿਵਾਰਾਂ ਵਿਚ ਤਾਂ ਟੱਬਰ ਦੇ ਸਾਰੇ ਮੈਂਬਰਾਂ ਕੋਲ ਆਪੋ-ਆਪਣੇ ਸਮਾਰਟਫੋਨ ਹਨ। ਕੋਰੋਨਾ ਮਹਾਮਾਰੀ ਕਾਰਨ ਵਿਦਿਆਰਥੀਆਂ ਦੀਆਂ ਕਲਾਸਾਂ ਆਨਲਈਨ ਲੱਗਣ ਕਰਕੇ ਸਾਰੇ ਹੀ ਬੱਚਿਆਂ ਕੋਲ ਸਮਾਰਟਫੋਨ ਹਨ। ਉਹ ਆਪਣਾ ਵਿਹਲਾ ਸਮਾਂ ਬਿਤਾਉਣ ਲਈ ਵੀ ਫੋਨ ਦੀ ਹੀ ਵਰਤੋਂ ਕਰਦੇ ਸਨ। ਦੋਸਤਾਂ ਨਾਲ ਖੇਡਣਾ, ਪਰਿਵਾਰ ਦੇ ਮੈਂਬਰਾਂ ਨਾਲ ਗੱਲਾਂ ਕਰਨੀਆਂ ਉਹ ਭੁੱਲ ਗਏ ਹਨ। ਬੱਚੇ ਹੀ ਨਹੀਂ, ਵੱਡੇ ਵੀ ਇਸ ਆਦਤ ਦਾ ਸ਼ਿਕਾਰ ਹੋ ਰਹੇ ਹਨ। ਵਿਗਿਆਨੀਆਂ ਨੇ ਤਾਂ ਇਸ ਆਦਤ ਨੂੰ ਬਿਮਾਰੀ ਦਾ ਨਾਮ ਦਿੱਤਾ ਹੈ। ਜਿਵੇਂ ਕਿਸੇ ਨੂੰ ਨਸ਼ੇ ਦੀ ਆਦਤ ਹੋਵੇ, ਉਹ ਨਸ਼ਈ ਬਣ ਜਾਂਦਾ ਹੈ ਇਵੇਂ ਹੀ ਮੋਬਾਈਲ ਦੀ ਵੀ ਲਤ ਪੱਕੀ ਹੋ ਰਹੀ ਹੈ। ਮੋਬਾਈਲ ਘਰ ਰਹਿ ਜਾਵੇ ਜਾਂ ਖ਼ਰਾਬ ਹੋ ਜਾਵੇ, ਮਨ ਬੁਰੀ ਤਰ੍ਹਾਂ ਬੇਚੈਨ ਹੋਣ ਲੱਗਦਾ ਹੈ ਠੀਕ ਉਸੇ ਤਰ੍ਹਾਂ ਜਿਵੇਂ ਕੋਈ ਨਸ਼ਈ ਨਸ਼ਾ ਟੁੱਟਣ 'ਤੇ ਬੇਚੈਨ ਹੋ ਜਾਂਦਾ ਹੈ। ਕਿਸੇ ਦੇ ਘਰ ਚਲੇ ਜਾਓ, ਘਰ ਦੇ ਮੈਂਬਰ ਆਪੋ ਵਿਚ ਗੱਲਾਂ ਕਰਨ ਦੀ ਥਾਂ ਆਪੋ-ਆਪਣੇ ਮੋਬਾਈਲ ਨੂੰ ਚਿੰਬੜੇ ਹੋਏ ਨਜ਼ਰ ਆਉਣਗੇ। ਇੱਥੋਂ ਤਕ ਵੀ ਦੇਖਣ ਵਿਚ ਆਇਆ ਹੈ ਕਿ ਜੇਕਰ ਸੜਕ 'ਤੇ ਫਾਟਕ ਬੰਦ ਹੈ ਤਾਂ ਸਾਰੇ ਹੀ ਝੱਟ ਆਪਣੇ ਮੋਬਾਈਲ ਕੱਢ ਲੈਂਦੇ ਹਨ। ਕਾਰ ਵਿਚ ਸਫ਼ਰ ਕਰਦੇ ਸਮੇਂ ਵੀ ਆਪੋ ਵਿਚ ਗੱਲਾਂ ਕਰਨ ਦੀ ਥਾਂ ਸਾਰੀਆਂ ਸਵਾਰੀਆਂ ਆਪੋ-ਆਪਣੇ ਮੋਬਾਈਲ ਉੱਤੇ ਉਂਗਲਾਂ ਮਾਰ ਰਹੀਆਂ ਹੁੰਦੀਆਂ ਹਨ। ਕਦੇ ਜ਼ਮਾਨਾ ਸੀ ਕਿ ਰੇਲ ਜਾਂ ਬੱਸ ਵਿਚ ਸਫ਼ਰ ਕਰਨ ਸਮੇਂ ਬੁੱਕ ਸਟਾਲ ਤੋਂ ਅਖ਼ਬਾਰ, ਮੈਗਜ਼ੀਨ ਜਾਂ ਕੋਈ ਕਿਤਾਬ ਖ਼ਰੀਦੀ ਜਾਂਦੀ ਸੀ ਤਾਂ ਜੋ ਸਫ਼ਰ ਵਧੀਆ ਕੱਟਿਆ ਜਾ ਸਕੇ। ਸਵਾਰੀਆਂ ਆਪੋ ਵਿਚ ਗੱਲਾਂਬਾਤਾਂ ਕਰਦੀਆਂ ਸਨ। ਲੰਬੇ ਸਫ਼ਰ ਵਿਚ ਤਾਂ ਦੋਸਤੀਆਂ ਵੀ ਪੈ ਜਾਂਦੀਆਂ ਸਨ ਪਰ ਹੁਣ ਅਜਿਹਾ ਨਹੀਂ ਹੈ। ਆਪੋ ਵਿਚ ਗੱਲਬਾਤ ਕਰਨ ਦੀ ਕਿਸੇ ਕੋਲ ਵਿਹਲ ਹੀ ਨਹੀਂ ਹੈ। ਜੇਕਰ ਮੇਰੇ ਵਰਗਾ ਪੁਰਾਣਾ ਬੰਦਾ ਗੱਲਬਾਤ ਕਰਨੀ ਵੀ ਚਾਹੇ ਤਾਂ ਹਾਂ-ਹੂੰ ਵਿਚ ਹੀ ਜਵਾਬ ਮਿਲਦਾ ਹੈ। ਅਗਲਾ ਇਹ ਜ਼ਾਹਿਰ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਜਿਵੇਂ ਉਸ ਨੂੰ ਬੁਲਾਇਆ ਨਾ ਜਾਵੇ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਮਾਰਟਫੋਨ ਬੜੇ ਕੰਮ ਦੀ ਚੀਜ਼ ਹੈ। ਇਸ ਤੋਂ ਜਿਹੜੀ ਮਰਜ਼ੀ ਚਾਹੋ, ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਕੰਮ ਦੀਆਂ ਗੱਲਾਂ ਹੋ ਸਕਦੀਆਂ ਹਨ। ਇਕ-ਦੂਜੇ ਨਾਲ ਸੰਬੰਧ ਜੋੜੇ ਜਾ ਸਕਦੇ ਹਨ। ਕਦੇ ਸਮਾਂ ਸੀ ਜਦੋਂ ਟੈਲੀਫੋਨ ਹੁੰਦੇ ਸਨ। ਪਰਦੇਸ ਤਾਂ ਦੂਰ, ਆਪਣੇ ਸ਼ਹਿਰ ਤੋਂ ਦੂਸਰੇ ਸ਼ਹਿਰ ਗੱਲ ਕਰਨ ਲਈ ਵੀ ਕਈ ਘੰਟੇ ਉਡੀਕ ਕਰਨੀ ਪੈਂਦੀ ਸੀ। ਪਰ ਕਿਸੇ ਦੀ ਲੋੜ ਤੋਂ ਵੱਧ ਵਰਤੋਂ ਭੈੜੀ ਹੁੰਦੀ ਸੀ। ਮੋਬਾਈਲ ਨੇ ਸਾਨੂੰ ਝੂਠ ਬੋਲਣਾ ਸਿਖਾ ਦਿੱਤਾ ਹੈ। ਜੇਕਰ ਕਿਸੇ ਨਾਲ ਗੱਲ ਨਾ ਕਰਨੀ ਹੋਵੇ ਤਾਂ ਘਰੋਂ ਬਾਹਰ ਹੋਣ ਦਾ ਬਹਾਨਾ ਬਣਾ ਦਿੱਤਾ ਜਾਂਦਾ ਹੈ। ਕਿਸ਼ੋਰਾਂ ਲਈ ਜਿੱਥੇ ਸਮਾਰਟਫੋਨ ਜਾਣਕਾਰੀ ਦਾ ਵਧੀਆ ਵਸੀਲਾ ਹੈ ਉੱਥੇ ਹੀ ਗ਼ਲਤ ਸੋਚ ਉਭਾਰਨ ਲਈ ਵੀ ਜ਼ਿੰਮੇਵਾਰ ਹੈ। ਫੇਸਬੁੱਕ, ਯੂ-ਟਿਊਬ, ਵ੍ਹਟਸਐਪ ਜਾਂ ਕੋਈ ਹੋਰ ਐਪ ਖੋਲ੍ਹ ਲਵੋ, ਸਮੇਂ ਦਾ ਪਤਾ ਹੀ ਨਹੀਂ ਲੱਗਦਾ। ਕਈ ਵਾਰ ਬਹੁਤ ਜ਼ਰੂਰੀ ਕੰਮ ਰਹਿ ਜਾਂਦੇ ਹਨ। ਇਸ ਨਾਲ ਕੰਮ ਦੀ ਕਾਰਜਕੁਸ਼ਲਤਾ ਉੱਤੇ ਵੀ ਮਾਰੂ ਪ੍ਰਭਾਵ ਪੈਂਦਾ ਹੈ। ਜਦੋਂ ਕਿਸੇ ਆਏ ਸੁਨੇਹੇ ਦੀ ਘੰਟੀ ਵੱਜਦੀ ਹੈ ਤਾਂ ਆਪਣੇ-ਆਪ ਉਸ ਨੂੰ ਪੜ੍ਹਨ ਲਈ ਮਨ ਬੇਚੈਨ ਹੋ ਜਾਂਦਾ ਹੈ। ਵਾਰ-ਵਾਰ ਅਜਿਹਾ ਹੁੰਦਾ ਹੈ ਅਤੇ ਜਿਹੜਾ ਕੰਮ ਕਰ ਰਹੇ ਹੁੰਦੇ ਹੋ, ਉਸ ਵਿਚ ਵਿਘਨ ਪੈਣਾ ਤਾਂ ਲਾਜ਼ਮੀ ਹੀ ਹੈ। ਮਨੁੱਖੀ ਸਿਹਤ ਉੱਤੇ ਵੀ ਇਸ ਦਾ ਬੁਰਾ ਪ੍ਰਭਾਵ ਪੈਂਦਾ ਹੈ। ਇਸ ਦੀਆਂ ਕਿਰਨਾਂ ਸਰੀਰ ਦਾ ਨੁਕਸਾਨ ਕਰਦੀਆਂ ਹਨ। ਹਰ ਵੇਲੇ ਟਿਕੀ ਨਜ਼ਰ, ਅੱਖਾਂ ਨੂੰ ਖਰਾਬ ਕਰਦੀ ਹੈ। ਜਦੋਂ ਅਸੀਂ ਸਕੂਲ ਪੜ੍ਹਦੇ ਸਾਂ ਤਾਂ ਸ਼ਾਇਦ ਹੀ ਕਿਸੇ ਬੱਚੇ ਦੇ ਐਨਕ ਲੱਗੀ ਹੋਵੇ, ਹੁਣ ਹਰੇਕ ਸਕੂਲ ਵਿਚ ਅੱਧ ਤੋਂ ਵੱਧ ਬੱਚਿਆਂ ਦੇ ਐਨਕਾਂ ਲੱਗੀਆਂ ਨਜ਼ਰ ਆਉਂਦੀਆਂ ਹਨ। ਹੁਣ ਦਾਦੀ ਜਾਂ ਨਾਨੀ ਦੀਆਂ ਕਹਾਣੀਆਂ ਸੁਣਨ ਦਾ ਕਿਸੇ ਕੋਲ ਸਮਾਂ ਹੀ ਨਹੀਂ ਹੈ। ਇੰਜ ਅਸੀਂ ਆਪਣੇ ਵਿਰਸੇ, ਸੱਭਿਆਚਾਰ ਤੇ ਸਮਾਜਿਕ ਕਦਰਾਂ-ਕੀਮਤਾਂ ਤੋਂ ਦੂਰ ਹੋ ਰਹੇ ਹਾਂ। ਸਮਾਰਟਫੋਨ ਦਾ ਸਭ ਤੋਂ ਬੁਰਾ ਅਸਰ ਭਾਈਚਾਰਕ ਸਾਂਝ ਤੇ ਮਨੁੱਖੀ ਰਿਸ਼ਤਿਆਂ 'ਤੇ ਪੈ ਰਿਹਾ ਹੈ। ਆਪੋ ਵਿਚ ਗੱਲਾਂ ਕਰਨੀਆਂ ਅਸੀਂ ਭੁੱਲਦੇ ਜਾ ਰਹੇ ਹਾਂ।

ਘਰ ਵਿਚ ਹਰੇਕ ਮੈਂਬਰ ਆਪਣਾ ਵੱਖਰਾ ਕਮਰਾ ਭਾਲਦਾ ਹੈ। ਇਕੱਠੇ ਸੌਣਾ ਤਾਂ ਬੱਚੇ ਭੁੱਲ ਹੀ ਰਹੇ ਹਨ। ਖੁੱਲ੍ਹ ਕੇ ਹੱਸਣਾ ਵੀ ਅਸੀਂ ਭੁੱਲ ਰਹੇ ਹਾਂ। ਸਮਾਜਿਕ ਰਿਸ਼ਤਿਆਂ ਦੀਆਂ ਤੰਦਾਂ ਕਮਜ਼ੋਰ ਹੋ ਰਹੀਆਂ ਹਨ। ਬਹਤੇ ਲੋਕੀਂ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਢਾਹੂ ਸੋਚ ਭਾਰੂ ਹੋ ਰਹੀ ਹੈ। ਖ਼ੁਦਕੁਸ਼ੀਆਂ ਵਿਚ ਵਾਧੇ ਦਾ ਵੀ ਇਹ ਇਕ ਕਾਰਨ ਹੈ। ਘਰਾਂ ਵਿਚ ਕਲੇਸ਼ ਵਧ ਰਹੇ ਹਨ।

ਮਨੁੱਖ ਹੀ ਇਸ ਕਾਇਨਾਤ ਵਿਚ ਅਜਿਹਾ ਪ੍ਰਾਣੀ ਹੈ ਜਿਸ ਕੋਲ ਬਾਣੀ ਦੀ ਸ਼ਕਤੀ ਹੈ ਤੇ ਉਹ ਖੁੱਲ੍ਹ ਕੇ ਹੱਸ ਸਕਦਾ ਹੈ। ਇਸ ਬਾਣੀ ਦੀ ਸ਼ਕਤੀ ਸਦਕਾ ਹੀ ਆਪਸੀ ਰਿਸ਼ਤਿਆਂ ਦੀ ਪਛਾਣ ਹੁੰਦੀ ਹੈ ਤੇ ਆਪਸੀ ਰਿਸ਼ਤੇ ਮਜ਼ਬੂਤ ਹੁੰਦੇ ਹਨ। ਹੁਣ ਜਦੋਂ ਬਾਣੀ ਦੀ ਸਾਂਝ ਟੁੱਟ ਰਹੀ ਹੈ ਤਾਂ ਪਰਿਵਾਰਕ ਰਿਸ਼ਤਿਆਂ ਵਿਚ ਕਮਜ਼ੋਰੀ ਆ ਰਹੀ ਹੈ। ਆਪਸੀ ਪਿਆਰ, ਇਕ-ਦੂਜੇ ਲਈ ਤੜਫ ਘਟ ਰਹੇ ਹਨ। ਹਰੇਕ ਆਪਣੇ-ਆਪ ਵਿਚ ਹੀ ਸਿਮਟ ਰਿਹਾ ਹੈ। ਇਸ ਨਾਲ ਆਧੁਨਿਕ ਬਿਮਾਰੀਆਂ ਜਿਵੇਂ ਕਿ ਕਲਸਟਰੋਲ, ਸ਼ੂਗਰ, ਰਕਤਚਾਪ ਆਦਿ ਵਿਚ ਵਾਧਾ ਹੋ ਰਿਹਾ ਹੈ।

ਘਰ ਵਿਚ ਹਰੇਕ ਮੈਂਬਰ ਆਪਣਾ ਵੱਖਰਾ ਕਮਰਾ ਭਾਲਦਾ ਹੈ। ਇਕੱਠੇ ਸੌਣਾ ਤਾਂ ਬੱਚੇ ਭੁੱਲ ਹੀ ਰਹੇ ਹਨ। ਖੁੱਲ੍ਹ ਕੇ ਹੱਸਣਾ ਵੀ ਅਸੀਂ ਭੁੱਲ ਰਹੇ ਹਾਂ। ਸਮਾਜਿਕ ਰਿਸ਼ਤਿਆਂ ਦੀਆਂ ਤੰਦਾਂ ਕਮਜ਼ੋਰ ਹੋ ਰਹੀਆਂ ਹਨ। ਬਹਤੇ ਲੋਕੀਂ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਢਾਹੂ ਸੋਚ ਭਾਰੂ ਹੋ ਰਹੀ ਹੈ। ਖ਼ੁਦਕੁਸ਼ੀਆਂ ਵਿਚ ਵਾਧੇ ਦਾ ਵੀ ਇਹ ਇਕ ਕਾਰਨ ਹੈ। ਘਰਾਂ ਵਿਚ ਕਲੇਸ਼ ਵਧ ਰਹੇ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਮਾਰਟਫੋਨ ਦੀ ਵਰਤੋਂ ਤੋਂ ਬਿਨਾਂ ਗੁਜ਼ਾਰਾ ਨਹੀਂ ਹੋ ਸਕਦਾ, ਪਰ ਸਮਾਜਿਕ ਮੀਡੀਆ ਉੱਤੇ ਫੈਲਾਈਆਂ ਜਾ ਰਹੀਆਂ ਅਫ਼ਵਾਹਾਂ, ਝੂਠ ਅਤੇ ਕਾਮੁਕ ਕਹਾਣੀਆਂ ਤੇ ਫਿਲਮਾਂ ਸਮਾਜ ਵਿਚ ਤਣਾਅ ਦਾ ਕਾਰਨ ਬਣਦੇ ਜਾ ਰਹੇ ਹਨ। ਨਵੀਂ ਪੀੜ੍ਹੀ ਨੂੰ ਇਨ੍ਹਾਂ ਮਾੜੇ ਪ੍ਰਭਾਵਾਂ ਤੋਂ ਮੁਕਤ ਕਰਨ ਲਈ ਮਾਪੇ ਵਿਸ਼ੇਸ਼ ਭੂਮਿਕਾ ਨਿਭਾ ਸਕਦੇ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿੱਥੇ ਮਾਂ-ਪਿਉ ਦੋਵੇਂ ਨੌਕਰੀ ਕਰਦੇ ਹਨ, ਉਹ ਬੱਚਿਆਂ ਨੂੰ ਪੂਰਾ ਸਮਾਂ ਨਹੀਂ ਦੇ ਸਕਦੇ ਪਰ ਆਪਣੇ ਸਮੇਂ ਦੀ ਵਿਉਂਤਬੰਦੀ ਇਸ ਢੰਗ ਨਾਲ ਕੀਤੀ ਜਾਵੇ ਕਿ ਬੱਚਿਆ ਲਈ ਸਮਾਂ ਜ਼ਰੂਰ ਕੱਢਿਆ ਜਾਵੇ। ਇਹ ਦੇਖਣ ਵਿਚ ਆਇਆ ਹੈ ਕਿ ਕਈ ਮਾਪੇ ਦੋ ਸਾਲ ਦੇ ਬੱਚੇ ਦੇ ਹੱਥ ਮੋਬਾਈਲ ਫੜਾ ਦਿੰਦੇ ਹਨ ਤਾਂ ਜੋ ਉਹ ਕਾਰਟੂਨ ਵੇਖਣ ਵਿਚ ਰੁੱਝਿਆ ਰਹੇ। ਇੰਜ ਅਸੀਂ ਬਚਪਨ ਵਿਚ ਹੀ ਬੱਚੇ ਨੂੰ ਇਸ ਦਾ ਆਦੀ ਬਣਾ ਦਿੰਦੇ ਹਾਂ। ਮਾਪਿਆਂ ਨੂੰ ਚਾਹੀਦਾ ਹੈ ਕਿ ਰਾਤ ਦੀ ਰੋਟੀ ਸਾਰਾ ਪਰਿਵਾਰ ਇਕੱਠਿਆਂ ਬੈਠ ਕੇ ਖਾਵੇ। ਘੱਟ ਤੋਂ ਘੱਟ ਇਕ ਘੰਟੇ ਲਈ ਘਰ ਦੇ ਸਾਰੇ ਮੋਬਾਈਲ ਤੇ ਟੀਵੀ ਬੰਦ ਕੀਤੇ ਜਾਣ। ਆਪੋ ਵਿਚ ਗੱਲਾਂ ਕੀਤੀਆਂ ਜਾਣ।

ਬੱਚਿਆਂ ਤੋਂ ਉਨ੍ਹਾਂ ਦੇ ਸਕੂਲ ਬਾਰੇ ਪੁੱਛਿਆ ਜਾਵੇ। ਉਨ੍ਹਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਨੂੰ ਹਮਦਰਦੀ ਨਾਲ ਵਿਚਾਰਿਆ ਜਾਵੇ। ਮਾਪੇ ਵੀ ਆਪੋ-ਆਪਣੇ ਦਿਨ ਦੇ ਅਨੁਭਵ ਸਾਂਝੇ ਕਰਨ। ਇੰਜ ਆਪਸੀ ਪਿਆਰ ਦੀਆਂ ਤੰਦਾਂ ਹੀ ਮਜ਼ਬੂਤ ਨਹੀਂ ਹੋਣਗੀਆਂ ਸਗੋਂ ਮਾਨਸਿਕ ਤਣਾਅ ਤੋਂ ਵੀ ਛੁਟਕਾਰਾ ਮਿਲ ਜਾਵੇਗਾ। ਦਿਨ ਦੇ ਕੌੜੇ ਅਨੁਭਵ ਜਦੋਂ ਆਪੋ ਵਿਚ ਵਿਚਾਰੇ ਜਾਂਦੇ ਹਨ ਤਾਂ ਮਨ ਹਲਕਾ ਹੋ ਜਾਂਦਾ ਹੈ ਤੇ ਦਿਮਾਗੀ ਬੋਝ ਲੱਥ ਜਾਂਦਾ ਹੈ। ਬੱਚਿਆਂ ਨੂੰ ਕੁਝ ਸਮੇਂ ਲਈ ਖੇਡਣ ਵਾਸਤੇ ਉਤਸ਼ਾਹਤ ਕੀਤਾ ਜਾਵੇ। ਉਨ੍ਹਾਂ ਨੂੰ ਚੰਗੀਆਂ ਕਿਤਾਬਾਂ ਪੜ੍ਹਨ ਦੀ ਚੇਟਕ ਲਗਾਈ ਜਾਵੇ। ਬੱਚਿਆਂ 'ਤੇ ਨਜ਼ਰ ਰੱਖਣੀ ਵੀ ਜ਼ਰੂਰੀ ਹੈ ਕਿ ਉਹ ਮੋਬਾਈਲ 'ਤੇ ਕੀ ਵੇਖ ਰਹੇ ਹਨ। ਅਜਿਹਾ ਨਾ ਕਰਨ ਲਈ ਪਿਆਰ ਨਾਲ ਸਮਝਾਇਆ ਜਾਵੇ ਤੇ ਉਨ੍ਹਾਂ ਨੂੰ ਸਹੀ ਰਾਹੇ ਪਾਇਆ ਜਾਵੇ।

# ਕਮਜ਼ੋਰ ਨਹੀਂ ਸਹਿਣਸ਼ੀਲ ਹੈ ਔਰਤ

ਰਾਜਿਆਂ, ਮਹਾਂ-ਰਾਜਿਆਂ, ਬਾਦਸ਼ਾਹਾਂ, ਗੁਰੂਆਂ, ਪੀਰਾਂ, ਫਕੀਰਾਂ ਨੂੰ ਜਨਮ ਦੇਣ ਵਾਲੀ ਤਿਆਗ ਦੀ ਮੂਰਤ ਔਰਤ (ਜੱਗ ਜਨਨੀ) ਨੂੰ ਰੱਬ ਨੇ ਕੁਝ ਵਿਸ਼ੇਸ਼ ਗੁਣ ਦੇ ਕੇ ਪੈਦਾ ਕੀਤਾ ਹੈ। ਰੱਬ ਦੁਆਰਾ ਪੈਦਾ ਕੀਤੇ ਇਸ ਜੀਵ (ਜਿਸ ਨੂੰ ਰੱਬ ਦਾ ਦੂਜਾ ਰੂਪ ਵੀ ਕਿਹਾ ਜਾਂਦਾ ਹੈ) ਦੇ ਗੁਣਾਂ ਦੀ ਮਹਿਮਾਂ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਜੇਕਰ ਅਸੰਭਵ ਨਹੀਂ ਤਾਂ ਔਖਾ ਜਰੂਰ ਹੈ ਪਰ ਬਹੁਤ ਦੁੱਖ ਦੀ ਗੱਲ ਹੈ ਕਿ ਜਦੋਂ ਤੋਂ ਮਨੁੱਖ ਜਾਤੀ ਦਾ ਜਨਮ ਹੋਇਆ ਹੈ ਜਾਂ ਇਹ ਕਿਹਾ ਜਾ ਸਕਦਾ ਹੈ ਕਿ ਜਦੋਂ ਤੋ ਸਾਨੂੰ ਇਤਿਹਾਸਿਕ ਘਟਨਾਵਾਂ ਦੇ ਲਿਖਤੀ ਸਬੂਤ ਮਿਲਦੇ ਹਨ ਉਦੋਂ ਤੋਂ ਹੀ ਦੇਖਣ ਵਿੱਚ ਆਉਂਦਾ ਹੈ ਕਿ ਔਰਤ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਲਤਾੜਿਆ-ਫਿਟਕਾਰਿਆ ਜਾਂਦਾ ਰਿਹਾ ਹੈ। ਜਿਵੇਂ ਕਿ ਪ੍ਰਾਚੀਨ ਹਿੰਦੂ ਸਮਾਜ ਵਿਚ ਤਿਆਗ ਦੀ ਮੂਰਤ ਨੂੰ ਆਪਣੇ ਪਤੀ ਦੇ ਮਰਨ ਉਪਰੰਤ ਉਸਦੀ ਚਿਤਾ ਵਿਚ ਸਤੀ ਦੇ ਰੂਪ ਵਿਚ ਸੜ੍ਹਨ ਲਈ ਮਜਬੂਰ ਕਰਕੇ ਉਸਦੀ ਪਵਿੱਤਰਤਾ ਦੀ ਰੱਖਿਆ ਕਰਨ ਦਾ ਢੋਂਗ ਰਚਿਆ ਜਾਂਦਾ ਸੀ ਤੇ ਕਦੇ ਬਾਲ ਵਿਆਹ ਕਰਕੇ ਕੁਦਰਤ ਦੇ ਸਿਧਾਂਤਾ ਦੇ ਵਿਰੁੱਧ ਉਸਦਾ ਸਰੀਰਕ ਸੋਸ਼ਣ ਕੀਤਾ ਜਾਂਦਾ ਸੀ। ਭਾਵੇਂ ਕਿ ਇਸਲਾਮ ਧਰਮ ਵਿਚ ਔਰਤ ਨੂੰ ਮਾਂ ਦੇ ਰੂਪ ਵਿਚ ਬਹੁਤ ਸਨਮਾਣ ਦਿੱਤਾ ਗਿਆ ਹੈ ਕਿਹਾ ਜਾਂਦਾ ਹੈ ਕਿ ਮਾਂ ਦੇ ਪੈਰਾਂ ਹੇਠ ਜੰਨਤ (ਸਵਰਗ) ਹੈ। ਭਾਵ ਮਾਂ ਦੀ ਸੇਵਾ ਅਤੇ ਸਤਿਕਾਰ ਕੀਤੇ ਬਿਨ੍ਹਾਂ ਜੰਨਤ ਵਿਚ ਪ੍ਰਵੇਸ਼ ਨਹੀਂ ਕੀਤਾ ਜਾ ਸਕਦਾ ਪਰ ਮੁਸਲਿਮ ਭਾਇਚਾਰੇ ਦੇ ਵਿੱਚ ਵੀ ਅਸਲ ਸਥਿਤੀ ਇਸਦੇ ਬਿਲਕੁਲ ਉਲਟ ਹੈ ਭਾਰਤੀ ਇਤਿਹਾਸ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਮੁਸਲਿਮ ਧਰਮ ਦੇ ਲੋਕ ਵੀ ਔਰਤ ਨੂੰ ਦਿਲ ਪਰਚਾਵੇ ਦਾ ਸਾਧਨ ਮਾਤਰ ਹੀ ਮੰਨਦੇ ਸਨ। ਤਰ੍ਹਾਂ ਤਰ੍ਹਾਂ ਦੇ ਨਾਲ ਔਰਤ ਦਾ ਸੋਸ਼ਣ ਕੀਤਾ ਜਾਂਦਾ ਸੀ। ਔਰਤ ਦੀ ਅਜਿਹੀ ਸਥਿਤੀ ਨੂੰ ਦੇਖ ਕੇ ਹੀ ਸਿੱਖ ਧਰਮ ਦੇ ਮੋਢੀ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ' ਪਰ ਕਿੰਨੇ ਅਫਸੋਸ ਦੀ ਗੱਲ ਹੈ ਕਿ ਇਸ ਧਰਮ ਨੂੰ ਮੰਨਣ ਵਾਲਿਆਂ ਵਿੱਚ ਵੀ ਔਰਤ ਦੀ ਸਥਿਤੀ ਦੂਜੇ ਦਰਜੇ ਵਾਲੀ ਹੀ ਹੈ।ਗੱਲ ਕੀ ਭਾਵੇਂ ਕੋਈ ਵੀ ਧਰਮ ਹੋਵੇ ਜਾਂ ਕੋਈ ਵੀ ਸਮਾਜ ਸਿਧਾਤਾਂ ਵਿੱਚ ਤਾਂ ਔਰਤ ਨੂੰ ਉੱਚਾ ਦਰਜਾ ਦਿੰਦਾਂ ਹੈ ਪਰ ਅਸਲ ਵਿਚ ਕੁੱਖ ਤੋਂ ਲੈ ਕੇ ਕਬਰ/ਮੌਤ ਤੱਕ ਉਸ ਨੂੰ ਜਲੀਲ ਕਰਨ , ਨਿੱਚਾ ਦਿਖਾਉਣ, ਉਸਦਾ ਸੋਸ਼ਣ ਕਰਨ ਦਾ ਕੋਈ ਵੀ ਮੌਕਾ ਮਰਦ ਪ੍ਰਧਾਨ ਸਮਾਜ ਦੁਆਰਾ ਜਾਇਆ ਨਹੀਂ ਕੀਤਾ ਜਾਂਦਾ।



ਜਦੋਂ ਕਿ ਇਤਿਹਾਸ ਗਵਾਹ ਹੈ ਕਿ ਔਰਤਾਂ ਨੇ ਆਪਣੀ ਕਾਬਲੀਅਤ, ਪ੍ਰਤਿਭਾ, ਦਲੇਰੀ, ਸਮਰਪਣ ਆਦਿ ਦੇ ਨਾਲ ਯੁੱਗ ਪਲਟਾਊ ਘਟਨਵਾਂ ਨੂੰ ਅੰਜਾਮ ਦਿੱਤਾ ਹੈ। ਜਿਵੇਂ ਕਿ ਝਾਂਸੀ ਦੀ ਰਾਣੀ ਲਕਛਮੀ ਬਾਈ, ਸ਼੍ਰੀਮਤੀ ਐਨੀ ਬੇਸੈਂਟ, ਸਰੋਜਨੀ ਨਾਇਡੂ, ਮਦਰ ਟਰੇਸਾ, ਤਈਬਾ ਬੇਗਮ, ਭੀਕਾ ਜੀ ਕਾਮਾ, ਕਲਪਣਾ ਚਾਵਲਾ ਆਦਿ ਦੁਆਰਾ ਕੀਤੇ ਕਾਰਨਾਮਿਆਂ ਨੂੰ ਅਗਰ ਇਤਿਹਾਸ ਵਿਚੋ ਹਟਾ ਦੇਈਏ ਤਾਂ ਇਤਿਹਾਸ ਅਧੂਰਾ ਰਹਿ ਜਾਵੇਗਾ। ਭਾਵੇਂ ਕਿ ਅੱਜ ਦੀ ਔਰਤ ਹਰ ਖੇਤਰ ਵਿੱਚ ਮਰਦ ਦੇ ਨਾਲ ਕਦਮ ਨਾਲ ਕਦਮ ਮਿਲਾ ਕੇ ਅੱਗੇ ਵੱਧ ਰਹੀ ਹੈ। ਮਰਦ ਪ੍ਰਧਾਨ ਸਮਾਜ ਦੇ ਦੁਆਰਾ ਪ੍ਰਚਾਰ ਵੀ ਇਹ ਕੀਤਾ ਜਾ ਰਿਹਾ ਹੈ ਕਿ ਅੱਜ ਦੀ ਔਰਤ ਹਰ ਪੱਖ ਤੋਂ ਸੁਤੰਤਰ ਹੈ, ਮਰਦ ਦੇ ਬਰਾਬਰ ਹੈ। ਭਾਰਤੀ ਸੰਵਿਧਾਨ ਅਨੁਸਾਰ ਵੀ ਔਰਤ ਨੂੰ ਸਮਾਨਤਾ ਦਾ ਅਧਿਕਾਰ ਦਿੱਤਾ ਗਿਆ ਹੈ ਭਾਵ ਲਿੰਗ ਦੇ ਆਧਾਰ ਤੇ ਕਿਸੇ ਨਾਲ ਕੋਈ ਭੇਦ-ਭਾਵ ਨਹੀਂ ਕੀਤਾ ਜਾ ਸਕਦਾ ਪਰ ਫਿਰ ਵੀ ਔਰਤ ਤੇ ਹੋ ਰਹੇ ਅਤਿੱਆਚਾਰ ਘਟਣ ਦਾ ਨਾਮ ਨਹੀਂ ਲੈ ਰਹੇ। ਕਦੇ ਔਰਤ ਦੇ ਭਰੂਣ ਦਾ ਕੁੱਖ ਵਿੱਚ ਹੀ ਕਤਲ ਕਰ ਦਿੱਤਾ ਜਾਂਦਾ ਹੈ, ਕਦੇ ਦਹੇਜ ਦੇ ਕਾਰਨ ਅਬਲਾ ਨਾਰੀ ਨੂੰ ਜਲਾਇਆ ਜਾਂਦਾ ਹੈ ਅਤੇ ਕਦੇ ਜਬਰ ਜਿਨਾਹ ਦਾ ਸ਼ਿਕਾਰ ਬਣਾ ਕਿ ਔਰਤ ਨੂੰ ਜਿੰਦਾ ਲਾਸ਼ ਦਾ ਰੂਪ ਦੇ ਕੇ ਨਿਰਦਈ ਸਮਾਜ ਵਿਚ ਧੱਕੇ ਖਾਣ ਅਤੇ ਤਾਨੇ-ਮਿਹਨੇ ਸੁਨਣ ਲਈ ਛੱਡ ਦਿੱਤਾ ਜਾਂਦਾ ਹੈ ਕਈ ਬਾਰ ਤਾਂ ਹਬਸ ਦੇ ਦਰਿੰਦਿਆਂ ਦੁਆਰਾ ਸਾਲ-ਛੇ ਮਹੀਨਿਆਂ ਦੀਆਂ ਮਾਸੂਮ ਬੱਚੀਆਂ ਅਤੇ 70-80 ਸਾਲਾਂ ਦੀਆਂ ਬਜ਼ੁਰਗ ਔਰਤਾਂ ਨੂੰ ਵੀ ਬਖਸ਼ਿਆ ਨਹੀਂ ਜਾਂਦਾ। ਆਪਣੀ ਹਬਸ ਦੀ ਭੁੱਖ ਮਿਟਾਉਣ ਲਈ ਔਰਤ ਜਾਤੀ ਦੇ ਹੋ ਰਹੇ ਘੋਰ ਅਪਮਾਣ ਨੂੰ ਕਿਸੇ ਵੀ ਤਰ੍ਹਾਂ ਉਚਿੱਤ ਨਹੀਂ ਠਹਿਰਾਇਆ ਜਾ ਸਕਦਾ। ਇਸ ਦੇ ਖਿਲਾਫ ਸਾਰੇ ਮੱਤ-ਭੇਦ ਭੁਲਾ ਕੇ ਸਮੁੱਚੇ ਸਮਾਜ ਨੂੰ ਇੱਕ ਜੁੱਟ ਹੋਣ ਦੀ ਲੋੜ ਹੈ। ਭਾਵੇਂ ਕਿ ਔਰਤਾਂ ਤੇ ਹੋ ਰਹੇ ਅਤਿੱਆਚਾਰ ਨੂੰ ਖਤਮ ਕਰਨ ਲਈ ਭਾਰਤ ਸਰਕਾਰ ਨੇ ਕਈ ਕਾਨੂੰਨ ਜਿਵੇਂ ਕਿ ਬਾਲ ਵਿਆਹ ਰੋਕੂ ਕਾਨੂੰਨ, ਸਤੀ ਪ੍ਰਥਾ ਦੇ ਵਿਰੁੱਧ ਕਾਨੂੰਨ, ਜਬਰ ਜਿਨਾਹ ਵਿਰੁੱਧ ਕਾਨੂੰਨ, ਦਹੇਜ ਵਿਰੋਧੀ ਕਾਨੂੰਨ ਅਦਿ ਬਣਾਏ ਹੋਏ ਹਨ ਫਿਰ ਵੀ ਇਹ ਸਮੱਸਿਆ ਜਿਵੇਂ ਦੀ ਤਿਵੇਂ ਹੀ ਖੜ੍ਹੀ ਹੈ। ਅਸਲ ਵਿੱਚ ਇਹ ਸਮੱਸਿਆ ਬਹੁਤ ਗੰਭੀਰ ਹੈ। ਸਦੀਆਂ ਤੋਂ ਮਨੁੱਖ ਦੀ ਮਾਨਸਿਕਤਾ ਵਿੱਚ ਜੰਮੀ ਬੈਠੀ ਹੈ। ਇਸ ਮਾਨਸਿਕਤਾ ਨੂੰ ਬਦਲਣ ਲਈ ਮਰਦ ਪ੍ਰਧਾਨ ਸਮਾਜ ਨੂੰ ਕਾਨੂੰਨਾਂ ਦੇ ਨਾਲ-ਨਾਲ ਮਾਨਸਿਕ ਰੂਪ ਵਿੱਚ ਵੀ ਤਿਆਰ ਕਰਨ ਦੀ ਲੋੜ ਹੈ। ਉਸਨੂੰ ਔਰਤ ਦੀ ਮਹੱਤਤਾ, ਉਸਦੇ ਤਿਆਗ, ਬਲੀਦਾਨ, ਸਮਰਪਣ ਆਦਿ ਤੋਂ ਜਾਣੂ ਕਰਵਾਉਣਾ ਪਵੇਗਾ। ਇੱਥੇ ਮੈ ਇਹ ਜਰੂਰ ਕਹਿਣਾ ਚਹੁੰਦਾਂ ਹਾਂ ਕਿ ਔਰਤ ਨੂੰ ਪਵਿੱਤਰਤਾ ਦੀ ਮੂਰਤ ਮੰਨਿਆ ਜਾਂਦਾ ਹੈ ਇਸ ਕਰਕੇ ਉਸਨੂੰ ਆਪਣੀ ਪਵਿੱਤਰਤਾ ਅਤੇ ਸਤਿਕਾਰ ਨੂੰ ਬਹਾਲ ਕਰਨ ਲਈ ਆਪਣੇ ਸਰੀਰ ਨੂੰ ਇਕ ਵਸਤੂ ਦੇ ਰੂਪ ਵਿਚ ਫੈਸ਼ਨ ਸ਼ੋਆਂ, ਵੱਖ-ਵੱਖ ਵਸਤੂਆਂ ਦੇ ਇਸ਼ਤਿਹਾਰਾਂ ਆਦਿ ਵਿੱਚ ਆਪਣੇ ਜਿਸਮ ਦੀ ਨੁਮਾਇਸ਼ ਕਰਨ ਤੋਂ ਗੁਰੇਜ ਕਰਨਾ ਚਾਹੀਦਾ ਹੈ। ਇਸਦੇ ਨਾਲ ਹੀ ਅਸ਼ਲੀਲ, ਭੜਕਾਊ, ਮਰਦਾਂ ਦਾ ਧਿਆਨ ਖਿੱਚਣ ਵਾਲਾ ਪਹਿਰਾਵਾ ਪਹਿਨਣ ਤੋਂ ਬਚਣਾ ਚਾਹੀਦਾ ਹੈ ਕਿਉਂਕਿ ਕੱਪੜੇ ਤਨ ਦਾ ਸ਼ਿੰਗਾਰ ਹੁੰਦੇ ਹਨ ਨਾ ਕਿ ਅੰਗ ਪ੍ਰਦਰਸ਼ਨ ਦਾ ਸਾਧਨ। ਸੋ ਸਮਾਜ ਅਤੇ ਦੇਸ਼ ਦੇ ਵਡੇਰੇ ਹਿੱਤਾਂ ਲਈ ਔਰਤ ਨੂੰ ਆਪਣੀ ਪਵਿੱਤਰਤਾ ਬਣਾਈ ਰੱਖਣ ਲਈ ਸੰਜ਼ਮ ਤੋਂ ਕੰਮ ਲੈਣਾ ਚਾਹੀਦਾ ਹੈ ਇਸਦੇ ਨਾਲ ਸਾਡੇ ਧਾਰਮਿਕ ਗ੍ਰੰਥਾਂ ਵਿੱਚ ਔਰਤ ਨੂੰ ਦਿੱਤੇ ਉੱਚੇ ਅਤੇ ਸਤਿਕਾਰ ਵਾਲੇ ਸਥਾਨ ਨੂੰ ਕੇਵਲ ਧਾਰਮਿਕ ਗ੍ਰੰਥਾਂ ਦਾ ਸਿੰਗਾਰ ਨਾ ਬਣਾ ਕੇ ਰੱਖਿਆ ਜਾਵੇ ਸਗੋਂ ਇਸਨੂੰ ਅਮਲੀ ਰੂਪ ਦੇ ਕੇ ਸਮਾਜ ਨੂੰ ਖੁਸ਼ਹਾਲ ਬਣਾਉਣ ਦੀ ਕੋਸ਼ਿਸ ਕੀਤੀ ਜਾਵੇ।

## ਕਾਵਿ-ਗੁਲਜ਼ਾਰ

ਪੇਸ਼ਕਰਤਾ-ਹਰਦਮ ਸਿੰਘ ਮਾਨ



# ਖ਼ੂਬਸੂਰਤ ਸ਼ਾਇਰੀ ਦਾ ਮੁਹੱਬਤੀ ਸਿਰਨਾਵਾਂ ਦਵਿੰਦਰ ਗੌਤਮ



ਦਵਿੰਦਰ ਗੌਤਮ ਸਰੀ ਸ਼ਹਿਰ ਦਾ ਮਹਿਬੂਬ ਸ਼ਾਇਰ, ਵਧੀਆ ਇਨਸਾਨ ਅਤੇ ਪਿਆਰਾ ਮਿੱਤਰ ਹੈ। ਉਸ ਦਾ ਪਲੇਠਾ ਗ਼ਜ਼ਲ ਸੰਗ੍ਰਹਿ ਸੁਪਨੇ ਸੌਣ ਨਾ ਦਿੰਦੇ ਪਿਛਲੇ ਦਿਨੀਂ ਪ੍ਰਕਾਸ਼ਿਤ ਹੋਇਆ ਹੈ, ਜਿਸ ਦਾ ਪੰਜਾਬੀ ਗ਼ਜ਼ਲ ਸੰਸਾਰ ਵਿਚ ਭਰਵਾਂ ਸਵਾਗਤ ਕੀਤਾ ਜਾ ਰਿਹਾ ਹੈ। ਉਸਤਾਦ ਸ਼ਾਇਰ ਕ੍ਰਿਸ਼ਨ ਭਨੋਟ ਅਤੇ ਸਾਹਿਤ ਅਕੈਡਮੀ ਐਵਾਰਡ ਨਾਲ ਸਨਮਾਨਿਤ ਸ਼ਾਇਰ ਜਸਵਿੰਦਰ ਦੀ ਰਹਿਨੁਮਾਈ ਉਸ ਨੂੰ ਹਾਸਲ ਹੈ। ਉਹ ਆਪਣੀ ਸ਼ਾਇਰੀ ਵਾਂਗ ਜ਼ਿੰਦਗੀ ਵਿਚ ਵੀ ਸਾਫ-ਸਫਾਫ ਅਤੇ ਸਪੱਸ਼ਟ ਹੈ, ਖ਼ੁਸ਼ਦਿਲ ਤਬੀਅਤ ਦਾ ਮਾਲਕ ਤੇ ਕਿਤੇ ਕੋਈ ਮਲਾਲ ਨਹੀਂ। ਸਰੀ ਦੇ ਗ਼ਜ਼ਲਗੋਆਂ ਨੂੰ ਇਕ ਮੰਚ ਤੇ ਇਕੱਠਾ ਕਰਕੇ ਗ਼ਜ਼ਲ ਮੰਚ ਸਰੀ ਦੀ ਸਥਾਪਨਾ ਕਰਨ ਵਾਲੇ ਮੋਢੀਆਂ ਵਿੱਚੋਂ ਇਕ ਹੈ। ਆਪਣੇ ਘਰ ਦੇ ਇਕ ਕਮਰੇ ਨੂੰ ਉਸ ਨੇ ਗ਼ਜ਼ਲ ਮੰਚ ਸਰੀ ਲਈ ਰਾਖਵਾਂ ਕਰਕੇ ਬਹੁੱਦ ਖ਼ੂਬਸੂਰਤ ਸਾਹਿਤਕ ਅੰਦਾਜ਼ ਵਿਚ ਸਜਾਇਆ ਹੋਇਆ ਹੈ ਜਿੱਥੇ ਸਰੀ ਦੇ ਸ਼ਾਇਰਾਂ ਦੀ ਮਹਿਫ਼ਿਲ ਅਕਸਰ ਸਜਦੀ ਹੈ ਅਤੇ ਬਾਹਰੋਂ ਆਏ ਸ਼ਾਇਰਾਂ ਦਾ ਨਿੱਘਾ ਸਵਾਗਤ ਕੀਤਾ ਜਾਂਦਾ ਹੈ। ਸ਼ਾਇਰੀ ਉਸ ਦਾ ਇਸ਼ਕ ਹੈ। ਜ਼ਿੰਦਗੀ ਦੀ ਖ਼ੂਬਸੂਰਤੀ ਦੀ ਤਾਂਘ ਰੱਖਣ ਵਾਲੇ ਦਵਿੰਦਰ ਕੋਲ ਸਮਾਜ ਦੇ ਹਰ ਵਰਤਾਰੇ ਨੂੰ ਅਪਣੇ ਸ਼ਿਅਰਾਂ ਵਿਚ ਢਾਲਣ ਦਾ ਹੁਨਰ ਹੈ। ਉਸ ਦੀ ਸ਼ਾਇਰੀ ਦੇ ਵੱਖ ਵੱਖ ਰੰਗਾਂ ਦੀ ਖ਼ੂਬਸੂਰਤ ਪੇਸ਼ਕਾਰੀ ਕਰਦੀਆਂ ਉਸ ਦੀਆਂ ਕੁਝ ਗ਼ਜ਼ਲਾਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ-

### ਗ਼ਜ਼ਲ-1

ਸਮੁੰਦਰ ਹੈ, ਨਦੀ ਵੀ ਹੈ, ਕਿ ਤਪਦੇ ਥਾਰ ਤੋਂ ਅੱਗੇ
ਬੜਾ ਕੁਝ ਹੈ ਅਜੇ ਬਾਕੀ, ਮੇਰੇ ਵਿਸਤਾਰ ਤੋਂ ਅੱਗੇ
ਰਜ਼ਾ ਵੀ ਸੀ, ਵਫ਼ਾ ਵੀ ਸੀ, ਤੇ ਇਕ ਪੂਜਾ ਜਿਹਾ ਜਜ਼ਬਾ
ਤੂੰ ਐਪਰ ਦੇਖਿਆ ਹੀ ਨਾ ਕਦੇ ਇਸ ਪਾਰ ਤੋਂ ਅੱਗੇ
ਜੇ ਤੋੜੇ ਦਿਲ ਕੋਈ ਤਾਂ ਵੀ, ਇਹ ਅਕਸਰ ਨਿਭ ਹੀ ਜਾਂਦੇ ਨੇ
ਨਹੀਂ ਬਚਦਾ ਕੋਈ ਰਿਸ਼ਤਾ ਤਿੜੇ ਇਤਬਾਰ ਤੋਂ ਅੱਗੇ
ਕਿਸਾਨੀ ਤੇ ਜਵਾਨੀ ਦਾ ਇਵੇਂ ਫਿਰ ਘਾਣ ਨਾ ਹੁੰਦਾ
ਜੇ ਥੋੜ੍ਹਾ ਸੋਚਦੇ ਹਾਕਮ ਕਦੇ ਪਰਿਵਾਰ ਤੋਂ ਅੱਗੇ
ਬੜੀ ਗ਼ੁਰਬਤ, ਜ਼ਲਾਲਤ ਵਿੱਚ ਮਰ ਮਰ ਜੀ ਰਹੇ ਲੋਕੀਂ
ਭਲਾ ਫਿਰ ਹੋਰ ਕਿਹੜਾ ਨਰਕ ਹੈ ਸੰਸਾਰ ਤੋਂ ਅੱਗੇ
ਤੇਰੇ ਖ਼ਾਮੋਸ਼ ਹੋਠਾਂ ਦੀ ਮੈਂ ਪੀੜਾ ਜਾਣ ਚੁੱਕਾ ਸੀ
ਬੜਾ ਕੁਝ ਸੀ ਅਜੇ ਬਾਕੀ ਤੇਰੇ ਇਨਕਾਰ ਤੋਂ ਅੱਗੇ
ਤੂੰ ਕਰ ਕੁਝ ਹੌਸਲਾ 'ਗੌਤਮ' ਹੈ ਬਸ ਕੁਝ ਦੂਰ ਹੀ ਮੰਜ਼ਿਲ
ਉਡੀਕਾਂ ਕਰ ਰਿਹਾ ਸਾਹਿਲ, ਕਿਤੇ ਮੰਝਧਾਰ ਤੋਂ ਅੱਗੇ

### ਗ਼ਜ਼ਲ-2

ਅਸੀਂ ਰੋਈਏ ਅਤੇ ਉਹ ਗਾਉਣ ਏਦਾਂ ਹੋਣ ਨਈਂ ਦੇਣਾ
ਉਵੇਂ ਹੋਵੇ ਜਿਵੇਂ ਉਹ ਚਾਹੁਣ ਏਦਾਂ ਹੋਣ ਨਈਂ ਦੇਣਾ
ਚੁਰਾ ਕੇ ਅੱਗ ਚੁੱਲ੍ਹਿਆਂ ਦੀ ਜਲਾ ਕੇ ਬਸਤੀਆਂ ਤਾਈਂ
ਉਹ ਬੇਫ਼ਿਕਰੀ ਚ ਲੱਗੇ ਸੌਣ ਏਦਾਂ ਹੋਣ ਨਈਂ ਦੇਣਾ
ਯੁਗਾਂ ਦੀ ਸਾਂਝ ਅੰਦਰ ਤੇ ਸਦੀਵੀਂ ਰਿਸ਼ਤਿਆਂ ਅੰਦਰ
ਤੁਸੀਂ ਲੱਗੇ ਹੋ ਲੀਕਾਂ ਪਾਉਣ ਏਦਾਂ ਹੋਣ ਨਈਂ ਦੇਣਾ
ਇਹ ਜੰਗਲ਼ ਪੌਣ,ਪਾਣੀ,ਧਰਤ ਤੇ ਅਸਮਾਨ ਸਾਂਝੇ ਨੇ
ਤੇ ਉਹ ਸਾਡੇ ਤੇ ਰੋਕਾਂ ਲਾਉਣ ਏਦਾਂ ਹੋਣ ਨਈਂ ਦੇਣਾ
ਉਹ ਕੋਸ਼ਿਸ਼ ਕਰ ਰਹੇ ਏਹੋ ਕਿ ਮੌਸਮ ਨਾ ਕਦੇ ਬਦਲੇ
ਵਗੇ ਹੀ ਨਾ ਪੁਰੇ ਦੀ ਪੌਣ ਏਦਾਂ ਹੋਣ ਨਈਂ ਦੇਣਾ
ਬਥੇਰਾ ਹੋ ਗਿਆ ਹੁਣ ਤਕ ਕਿ ਹਰ ਵਾਰੀ ਉਹ ਸਾਡੀ ਹੀ
ਲਵੇ ਗੋਡੇ ਦੇ ਥੱਲੇ ਧੌਣ, ਏਦਾਂ ਹੋਣ ਨਈਂ ਦੇਣਾ

### ਗ਼ਜ਼ਲ-3

ਕੈਸੀ ਬਸੰਤ ਆਈ ਪਤਿਆਂ ਤੋਂ ਫੁੱਲ ਡਰੇ
ਐਸੀ ਫਿਜ਼ਾ ਚ ਕੋਈ ਸਾਹ ਵੀ ਕਿਵੇਂ ਭਰੇ
ਕਬਰਾਂ ਲਈ ਮਿਲੇ ਨਾ ਜਿਸ ਵਿਚ ਕੋਈ ਜਗ੍ਹਾ
ਐਸੀ ਜ਼ਮੀਨ ਉੱਤੇ ਦੁਸ਼ਮਣ ਵੀ ਨਾ ਮਰੇ
ਮੇਰੀ ਅਵਾਰਗੀ ਨੂੰ ਐਸੀ ਸਜ਼ਾ ਨਾ ਦੇ
ਉਡਣਾ ਨਾ ਭੁੱਲ ਜਾਵਾਂ ਬਝ ਕੇ ਮੈਂ ਇਉਂ ਘਰੇ
ਉਮਰਾਂ ਦੇ ਸਰਵਰਾਂ ਤੇ ਕਬਜ਼ਾ ਹੈ ਮੌਤ ਦਾ
ਜੀਵਨ ਦੀ ਆਸ ਲੈ ਕੇ ਕਿੱਦਾਂ ਕੋਈ ਤਰੇ
ਪਹਿਲੋਂ ਹੀ ਸੀ ਇਹ ਤਿੜਕੇ ਹੁਣ ਜਾਣ ਨਾ ਬਿਖਰ
ਬਚਦੇ ਨਾ ਕੁਝ ਕੁ ਰਿਸ਼ਤੇ ਰਹਿ ਕੇ ਪਰੇ-ਪਰੇ
ਮੁੜ ਤੋਂ ਵਿਚਾਰ ਕੁਦਰਤ ਅਪਣੇ ਹਿਸਾਬ ਨੂੰ
ਥੰਨ੍ਹੇ ਤੂੰ ਇਕ ਹੀ ਰੱਸੇ ਖੋਟੇ ਅਤੇ ਖਰੇ
ਇਹ ਮਨ ਵਸਾ ਹੀ ਲੈਂਦਾ ਸੰਸਾਰ ਆਪਣਾ
ਏਕਾਂਤਵਾਸ ਜਿੰਨਾ ਮਰਜ਼ੀ ਕੋਈ ਕਰੇ
ਤੂੰ ਆਸ ਰੱਖ ਗੌਤਮ ਫਿਰ ਤੋਂ ਬਹਾਰ ਦੀ
ਉੱਗਣੇ ਘਰਾਂ ਚ ਫਿਰ ਤੋਂ ਹਾਸੇ ਹਰੇ ਹਰੇ

### ਗ਼ਜ਼ਲ-3

ਇਕ ਜੀਵਾਣੂ ਨੇ ਮਚਾਈ ਕੈਸੀ ਹਾਹਾਕਾਰ ਹੈ
ਭਰ ਗਿਆ ਰਾਸ਼ਨ ਘਰਾਂ ਵਿੱਚ ਬੰਦ ਹਰ ਬਾਜ਼ਾਰ ਹੈ
ਸਭ ਹੀ ਇਕ ਦੂਜੇ ਦੇ ਹੱਥਾਂ ਚੋਂ ਨੇ ਚੀਜ਼ਾਂ ਖੋਹ ਰਹੇ
ਲੋਕ ਡਰ ਵਿਚ ਜੀਅ ਰਹੇ ਤੇ ਖ਼ੌਫ਼ ਵਿਚ ਸਰਕਾਰ ਹੈ
ਉਠ ਗਿਆ ਵਿਸ਼ਵਾਸ ਹੁਣ ਤਕਨੀਕ ਤੋਂ ਇਨਸਾਨ ਦਾ
ਜਿਸ ਭਰੋਸੇ ਕਹਿ ਰਿਹਾ ਸੀ ਧਰਮ ਤਾਂ ਵਿਉਪਾਰ ਹੈ
ਸ਼ੁਕਰ ਹੈ ਹੁਣ ਜ਼ਿੰਦਗੀ ਦੀ ਚਾਲ ਧੀਮੀ ਹੋ ਗਈ
ਅਜ ਬੜੇ ਚਿਰ ਬਾਦ ਰਲ ਕੇ ਬੈਠਿਆ ਪਰਿਵਾਰ ਹੈ
ਇਹ ਤਾਂ ਹੈ ਸੰਕੇਤ ਕੁਦਰਤ ਦਾ ਤੁਸੀਂ ਸਮਝੋ ਜ਼ਰਾ
ਭੁਲ ਨਾ ਜਾਣਾ ਉਸ ਦੀ ਕਿਰਪਾ ਨਾਲ ਹੀ ਸੰਸਾਰ ਹੈ

### ਗ਼ਜ਼ਲ-4

ਜੇ ਨੇਰਾ ਦੂਰ ਕਰਨਾ ਤਾਂ ਉਹ ਆਪਾ ਆਪਣਾ ਬਾਲੇ ।
ਪਰਾਈ ਰੋਸ਼ਨੀ ਤੇ ਚੰਨ, ਐਵੇਂ ਦਾਦ ਕਿਉਂ ਭਾਲੇ।
ਕਿਵੇਂ ਇਤਬਾਰ ਨਾ ਕਰੀਏ ਉਨ੍ਹਾਂ ਦੇ ਏਸ ਜਾਦੂ ਤੇ,
ਉਹ ਸ਼ਬਦਾਂ ਦੇ ਉਜਾਲੇ ਵਿਚ ਲਕੋ ਲੈਂਦੇ ਨੇ ਦਿਲ ਕਾਲੇ।
ਭਲਾ ਸ਼ਾਇਰ ਉਹ ਕੀ ਜਾਣੇ ਮਨੁੱਖੀ ਪੀੜ ਕੀ ਹੁੰਦੀ,
ਕਿ ਜਿਹਦੇ ਸਿਰ ਚ ਲੱਗੇ ਨੇ ਬਜ਼ਾਰੂ ਸੋਚ ਦੇ ਜਾਲੇ ।
ਪਤਾ ਸੀ ਡੰਗ ਮਾਰਨਗੇ ਉਹ ਮੌਕਾ ਦੇਖ ਕੇ ਇਕ ਦਿਨ,
ਤੁਸੀਂ ਵਹਿਸ਼ਤ ਜਰਾ ਦੇਖੋ ਅਸੀਂ ਸੱਪ ਫੇਰ ਵੀ ਪਾਲੇ।
ਤੂੰ ਖਿੱਚ ਪਿੱਛੇ ਨੂੰ ਲੱਖ ਭਾਵੇਂ ਸਫਰ ਤੇ ਨਾਲ ਰੱਖਾਂਗੇ ,
ਸਜ਼ਾ ਤੇਰੀ ਇਹ ਬਣਦੀ ਹੈ,ਇਰਾਦੇ ਜਾਣ ਨਾ ਟਾਲੇ।
ਝੁਕਾ ਕੇ ਸਿਰ ਸਦਾ ਲੰਘਣ ਉਹ ਗੈਰਤ ਦੇ ਮੁਹੱਲੇ ਚੋਂ,
ਜਿਨ੍ਹਾਂ ਖ਼ੁਦ ਠਾਕੀਆਂ ਕਲਮਾਂ ਲਗਾਏ ਜੀਭ ਨੂੰ ਤਾਲੇ।
ਸਮੇਂ ਦੀ ਪੈੜ ਨਪਦਾ ਜਦ ਇਕੱਲਾ ਰਿਹ ਗਿਆ ਗੌਤਮ,
ਉਦੋਂ ਫਿਰ ਯਾਦ ਆਵਣਗੇ ਨਜ਼ਾਰੇ ਮਹਿਫਲਾਂ ਵਾਲੇ।

### ਗ਼ਜ਼ਲ-5

ਏਧਰ ਬੜਾ ਹਨੇਰਾ ,ਖ਼ਤ ਰੋਸ਼ਨੀ ਦਾ ਪਾਵੀਂ।
ਜਦ ਵੀ ਕਦੇ ਤੂੰ ਆਇਆ ,ਮਹਿਤਾਬ ਬਣ ਕੇ ਆਵੀਂ ।
ਰੂਹਾਂ ਦੀ ਪੀੜ ਦਾ ਵੀ ,ਥੋੜਾ ਖਿਆਲ ਰੱਖੀਂ
ਅਪਣੀ ਦਵਾ ਦਾ ਤੂੰਬਾ ,ਜਿਸਮਾਂ ਤੇ ਹੀ ਨਾ ਲਾਵੀਂ।
ਵਾਦੀ ਚ ਫੁੱਲ ਵੀ ਹੁਣ, ਖਿੜਨੋ ਪਏ ਨੇ ਡਰਦੇ,
ਰੰਗਾਂ ਦੀ ਸੌਂਹ ਹੈ ਤੈਨੂੰ, ਇਹਨਾਂ ਤੇ ਤਰਸ ਖਾਵੀਂ ।
ਜੇਹਲਮ ਚਨਾਬ ਜਿੱਥੇ ,ਧਰਤੀ ਉਹ ਸੁਰਗ ਕਹਿੰਦੇ,
ਐ ਬਹਾਰ ਮੁੜ ਵੀ ਆ ਹੁਣ,ਦੇਖੀਂ ਭੁਲਾ ਨਾ ਜਾਵੀਂ ।
ਜੰਨਤ ਦੀਆਂ ਇਹ ਗੱਲਾਂ, ਗੱਲਾਂ ਹੀ ਰਹਿ ਨਾ ਜਾਵਣ,
ਇਸ ਰਾਤ ਦੀ ਤੂੰ ਕੁੱਖੋਂ ,ਸੂਰਜ ਨਵਾਂ ਉਗਾਵੀਂ।
ਕੇਸਰ ਦੇ ਫੁੱਲ ਵੀ ਹੁਣ ,ਕਰਦੇ ਪਏ ਦੁਆਵਾਂ,
ਦੁਨੀਆਂ ਦੇ ਵਾਲੀਆ ਵੇ ,ਮੀਂਹ ਰਹਿਮਤਾਂ ਦਾ ਪਾਵੀਂ।

### ਗ਼ਜ਼ਲ-6

ਗਰਦਿਸ਼ ਮੈਨੂੰ ਟਿਕਣ ਨਾ ਦੇਵੇ ਤਾਰੇ ਭਾਉਣ ਨਾ ਦਿੰਦੇ ।
ਜਾਗਦਿਆਂ ਟੁੱਟ ਜਾਵਣ ਫਿਰ ਵੀ ਸੁਪਨੇ ਸੌਣ ਨਾ ਦਿੰਦੇ ।
ਰੀਝ ਮੇਰੀ ਦੀ ਛੱਲੀ ਕੂਲੀ ਕਿੰਝ ਭੁਨਾ ਮੈਂ ਦਾਣੇ,
ਕਾਮ ਚ ਭਿੱਜੇ ਛਾਪੇ ,ਇਸ਼ਕ ਦੀ ਭੱਠੀ ਤਾਉਣ ਨਾ ਦਿੰਦੇ ।
ਕਾਵਾਂ ਦੀ ਸਰਕਾਰ ਹੈ ਇੱਥੇ ਸੁਰ ਤੇ ਹੈ ਪਾਬੰਦੀ,
ਜਿਸ ਦੇ ਮਨ ਵਿੱਚ ਕੋਇਲ ਵਸਦੀ ਉਸ ਨੂੰ ਗਾਉਣ ਨਾ ਦਿੰਦੇ ।
ਗੈਰਾਂ ਦਾ ਪਿੜ ਗਾਹੁੰਦੇ ਗਾਹੁੰਦੇ ਘਸ ਗਈਆਂ ਨੇ ਖੁਰੀਆਂ ,
ਸਿਰ ਕਟਵਾਉਂਦੇ ਚੰਗੇ ਰਹਿੰਦੇ ਪਰ ਇਹ ਧੌਣ ਨਾ ਦਿੰਦੇ ।
ਵੇਚ ਰਹੇ ਨੇ ਅੱਜ ਵੀ ਮਾਲੀ ਖ਼ੁਦ ਕਲੀਆਂ ਦੀ ਲਾਲੀ,
ਜਿਸਮਾਂ ਦੇ ਸੌਦਾਗਰ ਹੱਥੀ ਚੂੜਾ ਪਾਉਣ ਨਾ ਦਿੰਦੇ ।
ਵੇਲਾ ਸੀ ਜਦ ਬੰਦ ਕਰੇ ਤੂੰ ਅਪਣੇ ਦਿਲ ਦੇ ਬੂਹੇ,
ਸ਼ਾਮ ਪਈ ਹੁਣ ਕਿਹੜਾ ਆਵੇ ਰਸਤੇ ਆਉਣ ਨਾ ਦਿੰਦੇ ।



### ਗ਼ਜ਼ਲ-7

ਮੈਂ ਅਪਣੇ ਆਪ ਨੂੰ ਸੂਲੀ, ਤੇ ਆਪੇ ਟੰਗ ਆਇਆ ਹਾਂ,
ਤੇਰੇ ਹੀ ਰੰਗ ਵਿਚ ਦੁਨੀਆ ,ਮੈਂ ਖ਼ੁਦ ਨੂੰ ਰੰਗ ਆਇਆ ਹਾਂ।
ਉਹ ਧਰਤੀ ਹੈ ਮੇਰੀ ਜੰਨਤ ,ਵਸੇ ਜਿੱਥੇ ਕੋਈ ਅਪਣਾ ,
ਵਤਨ ਤੂੰ ਮਾਫ ਕਰ ਦੇਵੀਂ ,ਮੈਂ ਹੋ ਕੇ ਤੰਗ ਆਇਆ ਹਾਂ ।
ਨਫ਼ਾ ਜਿੱਥੇ, ਵਫ਼ਾ ਕਿੱਥੇ ? ਨਾ ਰਿਸ਼ਤੇਦਾਰ ਨਾ ਦਿਲਬਰ ,
ਕਿ ਰੂਹ ਦੇ ਫਲਸਫੇ ਤੋਂ ਵੀ ,ਮੈਂ ਹੋ ਕੇ ਨੰਗ ਆਇਆ ਹਾਂ।
ਸਿਪਾਹੀ ਹਾਂ ਮੈਂ ਉਸ ਘਰ ਦਾ ,ਮੇਰਾ ਦੁਸ਼ਮਨ ਗਰੀਬੀ ਹੈ,
ਸਮੁੰਦਰ ਪਾਰ ਲੜਨੇ ਨੂੰ ,ਮੈਂ ਅੰਤਿਮ ਜੰਗ ਆਇਆ ਹਾਂ।
ਨਾ ਸਕਿਆ ਕੱਢ ਦਲਦਲ ਚੋਂ ,ਕੋਈ ਗੁਰ ਪੀਰ ਜੋ ਉੱਥੇ ,
ਮੈਂ ਜਾਤਾਂ ਤੋਂ ਬਿਨਾਂ ਵਸਣੇ ,ਦਾ ਵੇਖਣ ਢੰਗ ਆਇਆ ਹਾਂ।
ਮਧੂ ਮੱਖੀ ਤੋਂ ਚੰਗੀ ਹੈ ਇਹ ਆਦਤ ਤਿਤਲੀਆਂ ਵਰਗੀ ,
ਮੈਂ ਭਾਂਡੇ ਭਰਨ ਦੀ ਫਿਤਰਤ ਦਾ ਤੋੜਨ ਡੰਗ ਆਇਆ ਹਾਂ।
ਇਹੋ ਮੇਰੀ ਉਦਾਸੀ ਹੈ ,ਇਹ ਮੇਰਾ ਬੋਧ ਤੇ ਦਰਸ਼ਨ ,
ਨਾ ਗੌਤਮ ਹਾਂ ,ਨਾ ਹੀ ਨਾਨਕ ,ਮੈਂ ਪਤਨੀ ਸੰਗ ਆਇਆ ਹਾਂ

### ਗ਼ਜ਼ਲ-8

ਉਹ ਦਿਨ ਮੁੜ ਕੇ ਨਹੀਂ ਆਉਣੇ ,ਕਰੇ ਤਾਂ ਕੀ ਕਰੇ ਕੋਈ,
ਨਾ ਮਿਲਣੇ ਯਾਰ ਉਹ ਸੋਹਣੇ ,ਕਰੇ ਤਾਂ ਕੀ ਕਰੇ ਕੋਈ।
ਮੇਰੀ ਦਿਵਾਨਗੀ ਉਹ ਮੁਸਕਰਾ ਕੇ ਠਾਰ ਦਿੰਦਾ ਸੀ,
ਉਹ ਵਾਕੇ ਮੁੜ ਨਹੀਂ ਹੋਣੇ ,ਕਰੇ ਤਾਂ ਕਰੇ ਕੋਈ।
ਦੁਖੀ ਹੋ ਕੇ, ਅਸਾਂ ਉਹ ਸ਼ਹਿਰ ਛੱਡਿਆ ਸੀ ,ਤੇ ਏਥੇ ਵੀ,
ਉਹੀ ਝੰਜਟ ਉਹੀ ਰੋਣੇ, ਕਰੇ ਤਾਂ ਕੀ ਕਰੇ ਕੋਈ।
ਜਿਨ੍ਹਾ ਖਾਤਰ ਅਸੀਂ ਉਸ ਦੇਸ ਤੋਂ ਪਰਦੇਸ ਆਏ ਸਾਂ,
ਉਹ ਚਾਅ ਸਭ ਹੋ ਗਏ ਬੌਣੇ ,ਕਰੇ ਤਾਂ ਕੀ ਕਰੇ ਕੋਈ।
ਕਮਾਈ ਹੱਕ ਦੀ ਕੀਤੀ ਬੜੀ ਦਿਨ ਰਾਤ ,ਪਰ ਗੌਤਮ,
ਉਹ ਧੋਤੇ ਨਾ ਗਏ ਧੋਣੇ, ਕਰੇ ਤਾਂ ਕੀ ਕਰੇ ਕੋਈ।

### ਗ਼ਜ਼ਲ-9


ਸੂਹੇ ,ਸਫ਼ੈਦ ,ਨੀਲੇ ,ਚਾਹੇ ਨੇ ਜਿਸ ਵੀ ਰੰਗੇ,
ਸਭ ਬੂਟਿਆਂ ਨੂੰ ਲਗਦੇ ਅਪਣੇ ਹੀ ਫੁੱਲ ਚੰਗੇ।
ਸਾਡੇ ਖ਼ਿਲਾਫ਼ ਹੀ ਨਾ ਕਰ ਦੇਣ ਇਹ ਬਗ਼ਾਵਤ ,
ਲਾਹੇ ਸ਼ਹੀਦ ਜੇਕਰ ਹੁਣ ਸੂਲੀਆਂ ਤੇ ਟੰਗੇ।
ਹਾਸਿਲ ਹੈ ਜ਼ਿੰਦਗੀ ਦਾ ਸਭ ਨੂੰ ਹੀ ਪਿਆਰ ਕਰਨਾ,
ਹੈ ਆਦਮੀ ਉਹ ਜਾਹਿਲ ਜੋ ਇਸ ਤੋਂ ਘੱਟ ਮੰਗੇ।
ਇਹ ਜ਼ਹਿਰ ਆਸ਼ਕੀ ਦਾ ਸੁਣਿਆ ਸਰੂਰ ਦਿੰਦਾ,
ਐ ਕਾਸ਼ ਹੁਣ ਮੁਹੱਬਤ ਸਾਨੂੰ ਵੀ ਆਣ ਡੰਗੇ।
ਕੱਜਦੇ ਰਹੇ ਜੋ ਖ਼ੁਦ ਨੂੰ ਅਪਣੀ ਹੀ ਆਤਮਾ ਤੋਂ,
ਜਦ ਵਾਸ਼ਨਾ ਬੁਲਾਵੇ ਤੁਰ ਜਾਣ ਹੋ ਕੇ ਨੰਗੇ।
ਹਿੰਦੂ ਤੇ ਨਾ ਹੀ ਮੁਸਲਿਮ ਲੜਨਾ ਹੈ ਕੌਣ ਚਾਹੁੰਦਾ,
ਸੱਤਾ ਦੀਆ ਨੇ ਜੁਗਤਾਂ ਨਿੱਤ ਦੇ ਫ਼ਸਾਦ ਦੰਗੇ।
ਗੌਤਮ ਤਾਂ ਦੌੜਿਆ ਸੀ ਡਰਦਾ ਸੀ ਜ਼ਿੰਦਗੀ ਤੋਂ ,
ਹਰ ਮੋੜ ਤੇ ਮਿਲੇ ਪਰ ਉਸ ਨੂੰ ਹਜ਼ਾਰ ਪੰਗੇ।
ਸੂਹੀ ਸਵੇਰ ਦਾ ਮੈਂ ਸੂਰਜ ਉਭਾਰ ਕੇ,
ਮਿਲਣਾ ਹੈ ਪਾਰ ਤੈਨੂੰ ਨ੍ਹੇਰਾ ਉਤਾਰ ਕੇ।
ਕਰਨਾ ਹੈ ਦੂਰ ਕੂੜਾ ਸਦੀਆਂ ਤੋਂ ਜੋ ਪਿਆ,
ਦੇਣਾ ਹੈ ਬਚਿਆਂ ਨੂੰ ਇਹ ਘਰ ਸੰਵਾਰ ਕੇ।
ਧਰਮਾਂ ਦਾ ਫ਼ਲਸਫ਼ਾ ਵੀ ਹੁਣ ਫੇਲ ਹੋ ਗਿਆ,
ਹੋਇਆ ਨਾ ਰੱਖ ਇਸ ਤੋਂ ਬੰਦਾ ਨਿਖਾਰ ਕੇ।
ਜੇ ਤੂੰ ਹੈ ਰੱਬ ਪਾਉਣਾ ਤਾਂ ਆ ਮਿਲਾ ਦਿਆਂ ,
ਤੂੰ ਆਦਤਾਂ ਨੂੰ ਐਪਰ ਆਵੀਂ ਸੁਧਾਰ ਕੇ।
ਕਰਨੈ ਸਹੀ ਜੇ ਖ਼ੁਦ ਨੂੰ ਜੀਣਾ ਤੂੰ ਇਸ ਤਰਾਂ ,
ਕਿਉਂ ਹੈ ?ਤੇ ਕੀ ਹੈ ?ਜੀਵਨ ਹਰ ਪਲ ਵਿਚਾਰ ਕੇ।
ਉਸ ਦਿਨ ਸਕੂਨ ਮਿਲਿਆ ਮੁਕਤੀ ਵੀ ਆ ਮਿਲੀ,
ਜਦ ਪਾ ਲਿਆ ਮੈਂ ਗੌਤਮ ਖ਼ੁਦ ਨੂੰ ਨਿਤਾਰ ਕੇ ।


### ਗ਼ਜ਼ਲ-10

ਨਫ਼ਰਤ ਮੇਰੇ ਚਾਰੇ ਪਾਸੇ ਕਿੰਝ ਨਾ ਮੈਂ ਕੁਮਲ਼ਾਵਾਂ ,
ਇਸ਼ਕ ਦੀ ਮੈਨੂੰ ਦੇ ਜਾ ਧੂਣੀ ਮੈਂ ਫਿਰ ਤੋਂ ਖਿੜ ਜਾਵਾਂ।
ਦੁਨੀਆ ਢੂੰਡੇ ਅਵਗੁਣ ਮੇਰੇ ਮੈਂ ਲੱਭਾਂ ਖ਼ੁਸ਼ਬੋਈ,
ਉਹ ਖ਼ਾਰਾਂ ਤੇ ਅੜ ਬੈਠੀ ,ਮੈਂ ਗੁਣ ਫੁੱਲਾਂ ਦੇ ਗਾਵਾਂ ।
ਤਨ ਤੋਂ ਅੱਗੇ ਮਨ ਦੀ ਦੁਨੀਆ, ਅੱਗੇ ਨੂਰ ਰੁਹਾਨੀ ,
ਉਸ ਤੋਂ ਅੱਗੇ ਇਸ਼ਕ ਹਕੀਕੀ,ਅੱਗੇ ਇਕ ਪਰਛਾਵਾਂ ।
ਕਾਮ ਤੋਂ ਅੱਗੇ ਕਾਲਖ ਹੈ ਜੋ ਤਨ ਮਨ ਤੇ ਛਾ ਜਾਵੇ,
ਇਸ ਤੋਂ ਅੱਗੇ ਗੁੰਮ ਹੋ ਜਾਵਣ ਜਿਉਣ ਦੀਆਂ ਸਭ ਰਾਹਵਾਂ ।
ਮੌਜਾਂ ਦੀ ਇਸ ਬਸਤੀ ਵਿਚ ਜਦ ਰੂਹ ਆਈ ਦੁਖਿਆਰੀ,
ਦੇਖ ਕੇ ਫੱਬਤ ਗਲ਼ੀਆਂ ਦੀ ਉਹ ਭੁੱਲ ਬੈਠੀ ਸਰਨਾਵਾਂ। •


49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber Installed
Textured Saxony Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-710-7593

***************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

***************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ।ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ।

ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

***************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

***************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੁਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਂਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ।

ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

***************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

***************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ

ਈਮੇਲ ਕਰੋ- happy9284@yahoo.com

***************

ਸ਼ਰਮਾ, ਕੈਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਧਰਮ-ਜਾਤ ਦਾ ਕੋਈ ਬੰਧਨ ਨਹੀ।

ਫੋਨ ਨੰਬਰ-778-957-1670

***************

ਇੰਡੀਆ ਵਿਚ ਸਰਵਿਸ ਕਰ ਰਹੀ ਜੱਟ ਸਿੱਖ ਲੜਕੀ, ਜਨਮ 1987, ਕੱਦ 5'3", Msc, MCA ਲਈ ਇੰਡੀਆ ਵਿਚ ਨੌਕਰੀਸ਼ੁਦਾ (ਜ਼ਮੀਨ ਜਾਇਦਾਦ ਵਾਲੇ) ਜਾਂ ਕੈਨੇਡਾ, ਅਮਰੀਕਾ ਦੇ ਸਿਟੀਜ਼ਨ/ਪੀ.ਅਰ. ਲੜਕੇ ਦੀ ਲੋੜ ਹੈ। ਸੰਪਰਕ ਫੋਨ ਨੰਬਰ 236-881-7405

***************

27 ਸਾਲਾਂ 5'-7" ਵਰਕ ਪਰਮਿਟ 'ਤੇ ਆਏ ਲੜਕੇ ਲਈ ਪੀ.ਆਰ. ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-763-3541.

## MATRIMONIALS

### ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ਏਚਏਨਟ ਫਰੋਟੋ ਅਨਦ ਬੋਦਿਓਟਓ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037 talwanid@hotmial.ca

***************

34 ਸਾਲਾਂ 5'-3" M.A. B.Ed. ਨੈਨੀ ਵਰਕ ਪਰਮਿਟ 'ਤੇ ਕੈਨੇਡਾ ਰਹਿ ਰਹੀ ਸਿੱਖ ਲੜਕੀ ਲਈ ਪੀ.ਆਰ. ਲੜਕੇ ਦੀ ਲੋੜ ਹੈ।ਸੰਪਰਕ- 604-763-3541.

***************

### ਲੜਕੇ ਦੀ ਲੋੜ

ਵੈਨਕੂਵਰ ਵਾਸੀ, ਜੱਟ ਸਿੱਖ ਸਿੱਧੂ ਕੈਨੇਡੀਅਨ ਜੰਮਪਲ ਲੜਕੀ, 1981, ਕੱਦ 5'2", ਯੂਨੀਵਰਸਿਟੀ ਗਰੈਜੂਏਟ, ਸੀਨੀਅਰ ਮਾਰਕੀਟਿੰਗ ਮੈਨੇਜਰ ਲਈ ਕੈਨੇਡਾ ਦੇ ਜੰਮਪਲ, ਪ੍ਰੋਫੈਸ਼ਨਲ ਜੌਬ ਕਰਦੇ ਲੜਕੇ ਦੀ ਲੋੜ ਹੈ। ਗਰੇਟਰ ਵੈਨਕੂਵਰ ਏਰੀਆ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ- 604-319-0662, Email: dharam.sidhu@yahoo.com

***************

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ 'ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ 'ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ,ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੈਲਟਾ 'ਚ ਆਪਣਾ ਘਰ, ਲਈ ਸੁਦੰਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

***************

### ਲੜਕੀ ਦੀ ਲੋੜ

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(ਫੂ) ਜਾਂ ਸਿਟਿਜ਼ਨ ਲੜਕੀ ਦੀ ਲੋੜ। ਸਪੰਰਕ:-778-903-0135

***************

ਸਰੀ ਵਿਚ ਰਹਿ ਰਹੇ ਵਰਕ ਪਰਮਿਟ ਹੋਲਡਰ ਜੱਟ ਸਿੱਖ ਗਿੱਲ ਲੜਕਾ (ਮੋਗਾ ਜ਼ਿਲਾ), ਉਮਰ 32 ਸਾਲ, ਕੱਦ 6' ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਵੈਨਕੂਵਰ ਏਰੀਆ ਨੂੰ ਪਹਿਲ। ਸੰਪਰਕ: 604-809-3121

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 46 ਸਾਲ, ਯੋਗਤਾ ਡਬਲ ਐਮ ਏ, ਟ੍ਰਿਪਲ ਡਿਪਲੋਮਾ, ਸਰਕਾਰੀ ਜੌਬ, 15 ਸਾਲ ਦਾ ਤਜੁਰਬਾ, ਹੁਣ ਬੀਸੀ, ਕੈਨੇਡਾ ਵਿਚ ਵਿਜਟਰ ਵੀਜ਼ੇ ਉਪਰ ਆਏ ਵਾਸਤੇ ਕੈਨੇਡੀਅਨ ਲੜਕੀ ਦੀ ਲੋੜ ਹੈ। ਲੜਕੇ ਦੀ ਪੰਜਾਬ ਵਿਚ ਆਪਣੀ ਸ਼ਹਿਰੀ ਕੋਠੀ ਤੇ ਪਿੰਡ ਵਿਚ ਜ਼ਮੀਨ ਹੈ। ਚਾਹਵਾਨ ਸੰਪਰਕ ਕਰੋ । ਫੋਨ ਨੰਬਰ- 778-598- 9013 ਜਾਂ ਇੰਡੀਆ ਵਟਸਐਪ ਨੰਬਰ 98724-39814

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ।ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।

ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)

Insulator (2)

Painter (3)

Email: galaxyinsulationdrywall@gmail.com

**Phone: 604-366-6000**

**www.gidl.ca**

### ਲੜਕੀ ਦੀ ਲੋੜ

ਵਿਕਟੋਰੀਆ, (ਬੀ.ਸੀ.) ਵਿਚ ਵੈੱਲ ਸੈਟਲਡ ਅਰੋੜਾ ਪਰਿਵਾਰ ਦਾ ਲੜਕਾ, ਕੱਦ 5'5", MBA (Canada), ਬੈਂਕ ਵਿੱਚ ਫਾਈਨੈਂਸ਼ਲ ਅਡਵਾਈਜ਼ਰ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ।

ਵਟਸਅਪ ਨੰਬਰ 'ਤੇ ਸੰਪਰਕ ਕਰੋ: +91-88474-09314

### ਵਰ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਕੈਨੇਡਾ ਦੀ ਜੰਮਪਲ ਲੜਕੀ, ਉਮਰ 34 ਸਾਲ, ਕੱਦ 5'-6", ਲਾਅ ਡਿਗਰੀ, ਲਾਅ ਫਰਮ ਨਾਲ ਕੰਮ ਕਰ ਰਹੀ ਹੈ, ਲਈ ਢੁਕਵੇਂ ਵਰ ਦੀ ਲੋੜ ਹੈ। ਲੜਕਾ ਕੈਨੇਡਾ ਦਾ ਜੰਮਪਲ, ਪੇਸ਼ੇਵਰ ਤੌਰ 'ਤੇ ਪੜ੍ਹਿਆ-ਲਿਖਿਆ ਅਤੇ ਨੌਕਰੀ ਕਰਦਾ, ਵੈੱਲ ਸੈਟਲਡ ਅਤੇ ਜੱਟ ਸਿੱਖ ਪਰਿਵਾਰ ਵਿੱਚੋਂ ਹੋਣਾ ਚਾਹੀਦਾ ਹੈ। ਸੰਪਰਕ ਕਰੋ: 1-604-834-7232 ਜਾਂ 1-604-615-8088

### ਕੰਨਿਆਂ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦਾ ਕੈਨੇਡਾ ਜੰਮਪਲ ਸੁੰਦਰ ਲੜਕਾ, ਉਮਰ 29 ਸਾਲ, ਕੱਦ 5'-11" ਵੈੱਲ-ਸੈਟਲਡ, ਆਰਕੀਟੈਕਟ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਲਈ ਕੰਨਿਆਂ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀ.ਆਰ. ਅਤੇ ਪੇਸ਼ੇਵਰ ਤੌਰ 'ਤੇ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਸੰਪਰਕ ਕਰੋ: 1-604-832-7232 ਜਾਂ 1 -604-615-8088

### ਵਰ ਦੀ ਲੋੜ

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਬਰਾੜ, ਉਮਰ 29 ਸਾਲ, ਕੱਦ 5'6", ਦੋ ਸਾਲਾ ਬਿਜਨਸ ਡਿਪਲੋਮਾ ਅਤੇ ਇਮੀਗਰੇਸ਼ਨ ਲਾਇਸੈਂਸ ਹੋਲਡਰ, ਇੰਸ਼ੋਰੈਂਸ ਅਤੇ ਇਮੀਗਰੇਸ਼ਨ ਦਾ ਕੰਮ ਕਰ ਰਹੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਮਾਲਵਾ ਜਾਂ ਸਰੀ ਨੂੰ ਪਹਿਲ।

ਸੰਪਰਕ: 236-591-2719 (Whats app)

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੂਏਅਰ ਫੁੱਟ, ਸਕੌਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389

# ਕੀ ਹੁਣ ਆਈ.ਏ.ਐੱਸ. ਅਫ਼ਸਰ ਭਾਜਪਾ ਦੇ ਬੁਲਾਰੇ ਬਨਣਗੇ ?



ਦਵਿੰਦਰ ਸਿੰਘ ਆਹਲੂਵਾਲੀਆ
82838-25094

ਭਾਰਤੀ ਜਨਤਾ ਪਾਰਟੀ ਨੂੰ ਆਪਣੇ ਇਸ਼ਾਰਿਆਂ 'ਤੇ ਨਚਾਉਣ ਵਾਲੀ ਰਾਸ਼ਟਰੀਆ ਸੋਇਣ ਸੇਵਕ ਸੰਘ ਦੇ ਮਨਸੂਬੇ ਹੌਲੀ ਹੌਲੀ ਜਗ ਜਾਹਿਰ ਹੋ ਰਹੇ ਹਨ। ਸਰਕਾਰ ਵੱਲੋਂ ਕੀਤੇ ਜਾ ਰਹੇ ਜਾਂ ਕੀਤੇ ਜਾਣ ਵਾਲੇ ਕੰਮਾਂ ਦਾ ਢੰਡੋਰਾ ਪੂਰੇ ਜ਼ੋਰ ਸ਼ੋਰ ਨਾਲ ਪਿਟਿਆ ਜਾ ਰਿਹਾ ਹੈ। ਇਕ ਪਾਸੜ ਮੀਡੀਆ ਟੱਬਰ ਇਸ ਵਿਚ ਭਰਭੂਰ ਯੋਗਦਾਨ ਪਾ ਰਿਹਾ ਹੈ। ਹਿੰਦੂ ਰਾਸ਼ਟਰਵਾਦ ਦਾ ਨਾਅਰਾ ਲਾਉਣ ਵਾਲੀ ਭਾਰਤੀ ਜਨਤਾ ਪਾਰਟੀ ਹਰ ਹੀਲੇ ਆਪਣੇ ਨਾਅਰੇ ਨੂੰ ਪ੍ਰਵਾਨ ਚੜ੍ਹਾਉਣ ਲਈ ਹਰ ਹਰਬਾ ਵਰਤ ਰਹੀ ਹੈ। ਇਸੇ ਸੰਬੰਧ ਵਿਚ 18 ਅਕਤੂਬਰ 2023 ਨੂੰ ਸ੍ਰੀ ਜੇ. ਐੱਸ. ਮਲਿਕ, ਅਧੀਨ ਸਕੱਤਰ, ਭਾਰਤ ਸਰਕਾਰ ਵੱਲੋਂ ਇਕ ਪੱਤਰ ਜਾਰੀ ਕੀਤਾ ਗਿਆ ਹੈ। ਜਿਸ ਅਨੁਸਾਰ 15 ਨਵੰਬਰ, 2023 ਨੂੰ ਵਿਕਸਿਤ ਭਾਰਤ ਸੰਕਲਪ ਯਾਤਰਾ ਸ਼ੁਰੂ ਕੀਤੀ ਜਾਵੇਗੀ। ਸਰਕਾਰ ਵੱਲੋਂ ਇਸ ਯਾਤਰਾ ਦਾ ਮਕਸਦ ਆਖਰੀ ਵਿਅਕਤੀ ਤੱਕ ਪੁੱਜਣਾ ਦੱਸਿਆ ਗਿਆ ਹੈ। ਇਹ ਯਾਤਰਾ 14 ਹਜ਼ਾਰ ਤੋਂ ਜ਼ਿਆਦਾ ਸਥਾਨਾਂ ਉੱਪਰ 2.50 ਲੱਖ ਗ੍ਰਾਮ ਪੰਚਾਇਤਾਂ ਅਤੇ 37000 ਦੇ ਕਰੀਬ ਸ਼ਹਿਰੀ ਥਾਵਾਂ ਨੂੰ ਕਵਰ ਕਰੇਗੀ। ਇਸ ਵਿਚ ਆਈ. ਏ. ਐੱਸ. ਅਫ਼ਸਰ ਰੱਥਾਂ 'ਤੇ ਸਵਾਰ ਹੋ ਕੇ ਸਰਕਾਰੀ ਨੀਤੀਆਂ ਬਾਰੇ ਲੋਕਾਂ ਨੂੰ ਦੱਸਣਗੇ। ਅਸੀਂ ਸਮਝਦੇ ਹਾਂ ਕਿ ਅਜਿਹਾ ਪੱਤਰ ਭਾਰਤੀ ਲੋਕਤੰਤਰ ਨੂੰ ਮਖੌਲ ਕਰਨ ਦਾ ਇਕ ਹਰਬਾ ਹੈ। ਕਿਸੇ ਵੀ ਵੱਡੀ ਵਿਰੋਧੀ ਧਿਰ ਵੱਲੋਂ ਇਸ ਪੱਤਰ ਦਾ ਵਿਰੋਧ ਨਹੀਂ ਕੀਤਾ ਗਿਆ। ਭਾਰਤੀ ਲੋਕਾਂ ਨੂੰ ਮੁਫ਼ਤ ਦੀਆਂ ਰਿਆਇਤਾਂ ਅਤੇ ਮਨ ਲੁਭਾਉ ਨਾਅਰੇ ਦੇ ਕੇ ਮਾਨਸਿਕ ਤੌਰ 'ਤੇ ਗੁਲਾਮ ਬਣਾਉਣ ਲਈ ਕੋਈ ਹੱਥ ਕੰਡਾ ਨਹੀਂ ਛੱਡਿਆ ਜਾ ਰਿਹਾ। ਆਮ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਕੁੱਲੀ, ਗੁੱਲੀ, ਜੁੱਲੀ ਤੋਂ ਧਿਆਨ ਭਟਕਾਇਆ ਜਾ ਰਿਹਾ ਹੈ। ਆਪਣੇ-ਆਪਣੇ ਸਿਆਸੀ ਹਿੱਤਾਂ ਅਤੇ ਹਰ ਹੀਲੇ ਸਰਕਾਰ ਬਣਾਉਣ ਦੇ ਭੂਤ ਨੇ ਸਾਰੀਆਂ ਸਿਆਸੀ ਧਿਰਾਂ ਇਕ ਹੀ ਕਟਹਿਰੇ ਵਿਚ ਖੜੀਆਂ ਕਰ ਦਿੱਤੀਆਂ ਹਨ। ਅਸੀਂ ਸਮਝਦੇ ਹਾਂ ਕਿ ਹੁਣ ਉਹ ਸਮਾਂ ਆ ਗਿਆ ਹੈ ਜਦ ਮੱਧ ਵਰਗੀ ਗਰੀਬ ਅਤੇ ਕਿਰਤੀ ਲੋਕਾਂ ਨੂੰ ਸਿਆਸੀ ਧਿਰਾਂ ਵੱਲੋਂ ਐਲਾਨੇ ਜਾਂਦੇ ਅਜਿਹੇ ਲੁਭਾਵਣੇ ਨਾਅਰਿਆਂ ਨੂੰ ਦਰ ਕਿਨਾਰ ਕਰਕੇ ਮੁੱਢਲੀਆਂ ਲੋੜਾਂ ਦੀ ਪੂਰਤੀ ਲਈ ਇਕ ਸਾਂਝਾ ਸੰਘਰਸ਼ ਕਰਨਾ ਪਵੇਗਾ। ਸਿੱਖਿਆ ਅਤੇ ਰੁਜ਼ਗਾਰ ਦੇ ਨਾਲ-ਨਾਲ ਚੰਗੀਆਂ ਨਿਸਹਤ ਸਹੂਲਤਾਂ ਹਰ ਭਾਰਤੀ ਨਾਗਰਿਕ ਦਾ ਮੁੱਢਲਾ ਹੱਕ ਹੈ ਪਰ ਪਤਾ ਨਹੀਂ ਅਸੀਂ ਲੋਕ ਸਰਕਾਰਾਂ/ਸਿਆਸੀ ਧਿਰਾਂ ਦੇ ਹੱਥੇ ਚੜ੍ਹ ਗਏ ਹਾਂ। ਭਾਰਤੀ ਸਮਾਜ ਵਿਚ ਕਿਰਤੀ ਲੋਕਾਂ ਦੀ ਜੋ ਲੁੱਟ-ਖਸੁੱਟ ਹੋ ਰਹੀ ਹੈ। ਇਸ ਲਈ ਕਿਰਤੀ ਸਮਾਜ ਵੀ ਬਰਾਬਰ ਦਾ ਦੋਸ਼ੀ ਹੋ ਨਿਬੜਿਆ ਹੈ। ਇਸ ਦਾ ਮੁੱਖ ਕਾਰਨ ਹਰ ਵਿਅਕਤੀ ਦਾ ਕਿਸੇ ਵੀ ਘਟਨਾਕ੍ਰਮ ਨੂੰ ਦੇਖਣ ਜਾਂ ਸਮਝਣ ਦਾ ਆਪਣਾ ਆਪਣਾ ਨਜ਼ਰੀਆ ਹੁੰਦਾ ਹੈ। ਅਕਸਰ ਹੀ ਕਿਸੇ ਵੱਲੋਂ ਚੁੱਕੀ ਹੱਕ ਦੀ ਆਵਾਜ਼ ਨੂੰ ਉਲਟ ਨਜ਼ਰੀਆ ਰੱਖਣ ਵਾਲੇ ਲੋਕਾਂ ਵੱਲੋਂ ਰੱਦ ਕਰ ਦਿੱਤਾ ਜਾਂਦਾ ਹੈ। ਜੋ ਕੁੱਝ ਅਜੋਕੇ ਭਾਰਤ ਵਿਚ ਵਾਪਰ ਰਿਹਾ ਹੈ ਇਸ ਨੂੰ ਸਹੀ ਪਰੀਪੇਖ ਵਿਚ ਸਮਝਣ ਦੀ ਬਹੁਤ ਵੱਡੀ ਲੋੜ ਹੈ। ਬਹੁਤ ਸਾਰੀਆਂ ਸਿਧਾਂਤ ਰਹਿਤ ਗੱਲਾਂ ਨੂੰ ਵੀ ਅਸੀਂ ਅੱਖੋਂ-ਪਰੋਖੇ ਕਰ ਬੈਠਦੇ ਹਾਂ। ਜਿਸ ਦਾ ਨਤੀਜਾ ਸਦਾ ਕਿਰਤੀ ਵਿਰੋਧੀ ਹੀ ਨਿਕਲਦਾ ਹੈ। ਪੰਜਾਬੀ ਆਰਥਿਕਤਾ ਵਿਚ ਅਖੌਤੀ ਆਜ਼ਾਦੀ ਅਤੇ ਭਾਰਤੀ ਗੁਲਾਮੀ ਕਰਕੇ ਇਸ ਸਿਸਟਮ ਪ੍ਰਤੀ ਨਾਬਰੀ ਅਤੇ ਆਜ਼ਾਦੀ ਦੀ ਲਲਕ ਕਿਤੇ ਨਾ ਕਿਤੇ ਝਲਕਾਰਾ ਮਾਰਦੀ ਫਿਰਦੀ ਹੈ। ਅਸੀਂ ਸਮਝਦੇ ਹਾਂ ਕਿ ਮੌਜੂਦਾ ਭਾਰਤ ਸਰਕਾਰ ਨੂੰ ਆਪਣੀਆਂ ਪ੍ਰਾਪਤੀਆਂ ਦਾ ਪ੍ਰਚਾਰ ਕਰਨ ਦਾ ਪੂਰਾ ਪੂਰਾ ਅਧਿਕਾਰ ਹੈ ਪਰ ਜਿਸ ਤਰ੍ਹਾਂ ਦੇ ਹਰਬੇ ਵਰਤੇ ਜਾ ਰਹੇ ਹਨ ਉਹ ਦੇਸ਼ ਹਿੱਤ ਵਿਚ ਨਹੀਂ ਹਨ। ਪਹਿਲੀ ਪੱਧਰ ਦੇ ਸਰਕਾਰੀ ਕਰਮਚਾਰੀਆਂ ਉੱਪਰ ਪਾਰਟੀ ਦੇ ਕੀਤੇ ਕੰਮਾਂ ਦੇ ਪ੍ਰਚਾਰ ਦਾ ਬੋਝ ਪਾਉਣਾ ਅਸੀਂ ਕਿਸੇ ਵੀ ਤਰ੍ਹਾਂ ਉੱਚਿਤ ਨਹੀਂ ਸਮਝਦੇ। ਸਿਆਸੀ ਧਿਰਾਂ ਵੱਲੋਂ ਆਪਣੀਆਂ ਸੋਦਾਗਰੀ ਲੋੜਾਂ ਦੀ ਪੂਰਤੀ ਲਈ ਜੋ ਹਰਬੇ ਵਰਤੇ ਜਾ ਰਹੇ ਹਨ ਉਹ ਜਿੱਥੇ ਕਿਰਤੀ ਸਮਾਜ ਦੇ ਤਾਣੇ-ਬਾਣੇ ਨੂੰ ਨਹਿਸ ਕਰ ਰਹੇ ਹਨ। ਉੱਥੇ ਇਕ ਲੋਅ ਵਿਚ ਪਨਪ ਰਹੀ ਨਾ ਬਰਾਬਰੀ ਦੀ ਲਹਿਰ ਨੂੰ ਵੀ ਹਵਾ ਦੇ ਸਕਦੇ ਹਨ। ਅਸੀਂ ਭਾਰਤ ਸਰਕਾਰ ਨੂੰ ਇਹ ਅਪੀਲ ਕਰਦੇ ਹਾਂ ਕਿ ਇਸ ਤਰ੍ਹਾਂ ਦੀਆਂ ਯਾਤਰਾਵਾਂ ਕੱਢਣ ਲਈ ਸਰਕਾਰੀ ਅਧਿਕਾਰੀਆਂ/ ਕਰਮਚਾਰੀਆਂ ਦੀ ਟੇਕ ਨਾ ਲਈ ਜਾਵੇ, ਇਹ ਹੀ ਦੇਸ਼ ਹਿੱਤ ਵਿਚ ਹੋਵੇਗਾ।

NORTHCOAST LUMBER 1

CALL THE TRUE CONTRACTORS YARD TODAY
604-597-8884

*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks




14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial

Gurvinder Sanghera: 604-729-1435
Email: gsanghera77@gmail.com

# ਪਰਵਾਸ ਤੇ ਮਿਲਣ ਦੀ ਆਸ

ਅੱਜ ਅਸੀਂ ਉਸ ਦੌਰ ਵਿੱਚੋਂ ਲੰਘ ਰਹੇ ਹਾਂ ਜਦੋਂ ਸਾਰੇ ਇਕ ਨਿੱਕੀ ਜਿਹੀ ਡਿਵਾਈਸ ਅਰਥਾਤ ਮੋਬਾਈਲ ਫੋਨ 'ਚ ਹੀ ਰੁੱਝੇ ਰਹਿੰਦੇ ਹਾਂ। ਇਸ ਤੋਂ ਬਿਨ੍ਹਾਂ ਜ਼ਿੰਦਗੀ ਨੀਰਸ ਲੱਗਦੀ ਹੈ। ਇਸ ਹੈਰਾਨੀਜਨਕ ਕਾਢ ਦੇ ਭਾਵੇਂ ਬਹੁਤ ਸਾਰੇ ਨੁਕਸਾਨ ਹਨ ਪਰ ਫਿਰ ਵੀ ਇਸ ਦੀ ਮਕਬੂਲੀਅਤ ਵੱਧਦੀ ਜਾ ਰਹੀ ਹੈ। ਇਸ ਦੀ ਸੁਚੱਜੀ ਵਰਤੋਂ ਕਰਨ 'ਤੇ ਇਸ ਦੇ ਫ਼ਾਇਦਿਆਂ ਦਾ ਵੀ ਕੋਈ ਅੰਤ ਨਹੀਂ। ਇਸ ਦੀ ਵਧੀਆ ਵਰਤੋਂ ਨਾਲ ਵਿਅਕਤੀ ਸਮੇਂ ਦਾ ਹਾਣੀ ਹੋ ਰਿਹਾ ਹੈ।

**ਸਿਮਰਜੀਤ ਸਿੰਮੀ**

94176-71091

ਬੈਠੇ-ਬਿਠਾਏ ਹੀ ਕੋਈ ਵੀ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ। ਮਿੰਟਾਂ-ਸਕਿੰਟਾਂ 'ਚ ਹੀ ਧਰਤੀ ਦੇ ਇਕ ਕੋਨੇ ਤੋਂ ਦੂਜੇ ਕੋਨੇ ਬਾਰੇ ਜਾਣਕਾਰੀ ਲੈ ਸਕਦਾ ਹੈ। ਕੋਈ ਵੀ ਭਾਸ਼ਾ ਸਿੱਖ ਸਕਦਾ ਹੈ। ਸਭ ਤੋਂ ਵੱਧ ਫ਼ਾਇਦੇਮੰਦ ਹਨ ਫੋਨ ਕਾਲ ਜਾਂ ਵੀਡੀਓ ਕਾਲ। ਇਹ ਪਰਵਾਸੀਆਂ ਤੇ ਉਨ੍ਹਾਂ ਦੇ ਸਕੇ-ਸਬੰਧੀਆਂ ਲਈ ਸਹਾਈ ਹੋ ਰਹੀਆਂ ਹਨ। ਜਿਨ੍ਹਾਂ ਦੇ ਅਜ਼ੀਜ਼ ਉਨ੍ਹਾਂ ਤੋਂ ਐਨੀ ਦੂਰ ਸੱਤ-ਸਮੁੰਦਰ ਪਾਰ ਰੋਜ਼ੀ-ਰੋਟੀ ਖ਼ਾਤਰ ਗਏ ਹੋਏ ਹਨ, ਉਨ੍ਹਾਂ ਦੀਆਂ ਵੀਡੀਓ ਕਾਲਾਂ ਦੇ ਨਾਲ ਮਨ ਨੂੰ ਬੇਹੱਦ ਸਕੂਨ ਮਿਲਦਾ ਹੈ।



ਇਸ ਨਾਲ ਨਜ਼ਦੀਕ ਬੈਠਿਆਂ ਵਰਗਾ ਹੀ ਮਹਿਸੂਸ ਹੋਣ ਲੱਗਦਾ ਹੈ। ਮਾਪੇ, ਜਿਨ੍ਹਾਂ ਦੇ ਬੱਚੇ ਛੋਟੀ ਉਮਰੇ ਹੀ ਵਿਦੇਸ਼ ਵਿਚ ਵਧੀਆ ਜ਼ਿੰਦਗੀ ਬਸਰ ਕਰਨ ਖ਼ਾਤਰ ਚਲੇ ਗਏ, ਵੀਡੀਓ ਕਾਲਾਂ ਦੁਆਰਾ ਉਨ੍ਹਾਂ ਨੂੰ ਆਪਣੇ ਬੱਚਿਆਂ ਦੀ ਸਰੀਰਕ ਅਤੇ ਮਾਨਸਿਕ ਸਥਿਤੀ ਬਾਰੇ ਪਤਾ ਲੱਗ ਜਾਂਦਾ ਹੈ। ਵਰ੍ਹਿਆਂ ਦੀ ਦੂਰੀ ਮਿੰਟਾਂ-ਸਕਿੰਟਾਂ 'ਚ ਸਮਾਪਤ ਹੋਈ ਪ੍ਰਤੀਤ ਹੁੰਦੀ ਹੈ। ਮਾਪੇ ਵੀ ਫੋਨ ਕਾਲ ਆਉਣ 'ਤੇ ਮਾਨਸਿਕ ਤੌਰ 'ਤੇ ਖ਼ੁਦ ਨੂੰ ਹੌਲਾ-ਹੌਲਾ ਮਹਿਸੂਸ ਕਰਦੇ ਹਨ। ਪਰਵਾਸ ਤਾਂ ਸਦੀਆਂ ਤੋਂ ਹੀ ਹੋ ਰਿਹਾ ਹੈ ਪਰ ਪਹਿਲਾਂ ਕਈਆਂ ਨੂੰ ਆਪਣਿਆਂ ਨਾਲ ਗੱਲ ਕੀਤਿਆਂ ਹੀ ਸਾਲ ਬੀਤ ਜਾਂਦੇ ਸਨ, ਸ਼ਕਲਾਂ ਵੇਖਣਾ ਤਾਂ ਦੂਰ ਦੀ ਗੱਲ ਹੋ ਜਾਂਦੀ ਸੀ। ਇਨ੍ਹਾਂ ਕਾਲਾਂ ਰਾਹੀਂ ਹੁੰਦੀ ਗੱਲਬਾਤ ਤੋਂ ਦੋਵੇਂ ਧਿਰਾਂ ਸੰਤੁਸ਼ਟ ਮਹਿਸੂਸ ਕਰਦੀਆਂ ਹਨ। ਮੋਬਾਈਲ ਦੀ ਕਾਢ ਕੱਢਣ ਵਾਲੇ ਨੂੰ ਅਸੀਸਾਂ ਵੀ ਦਿੰਦੀਆਂ ਹਨ। ਵੱਖ-ਵੱਖ ਦੇਸ਼ਾਂ ਦੇ ਸਮੇਂ 'ਚ ਫ਼ਰਕ ਹੋਣ ਕਾਰਨ ਕਈ ਥਾਵਾਂ ਦਾ ਦਿਨ-ਰਾਤ ਦਾ ਫ਼ਰਕ ਪੈ ਜਾਂਦਾ ਹੈ ਤੇ ਲੇਟ ਗੱਲਬਾਤ ਹੁੰਦੀ ਹੈ ਪਰ ਗੱਲਬਾਤ ਹੋਣ ਕਾਰਨ ਰੂਹ ਨੂੰ ਸਕੂਨ ਜ਼ਰੂਰ ਮਿਲਦਾ ਹੈ ਅਤੇ ਗੱਲ ਹੋ ਜਾਣ ਤੋਂ ਬਾਅਦ ਲੋਕ ਚੈਨ ਨਾਲ ਗੂੜ੍ਹੀ ਨੀਂਦ ਸੌਂਦੇ ਹਨ।

> ਪਰਵਾਸ ਤਾਂ ਸਦੀਆਂ ਤੋਂ ਹੀ ਹੋ ਰਿਹਾ ਹੈ ਪਰ ਪਹਿਲਾਂ ਕਈਆਂ ਨੂੰ ਆਪਣਿਆਂ ਨਾਲ ਗੱਲ ਕੀਤਿਆਂ ਹੀ ਸਾਲ ਬੀਤ ਜਾਂਦੇ ਸਨ, ਸ਼ਕਲਾਂ ਵੇਖਣਾ ਤਾਂ ਦੂਰ ਦੀ ਗੱਲ ਹੋ ਜਾਂਦੀ ਸੀ। ਇਨ੍ਹਾਂ ਕਾਲਾਂ ਰਾਹੀਂ ਹੁੰਦੀ ਗੱਲਬਾਤ ਤੋਂ ਦੋਵੇਂ ਧਿਰਾਂ ਸੰਤੁਸ਼ਟ ਮਹਿਸੂਸ ਕਰਦੀਆਂ ਹਨ। ਮੋਬਾਈਲ ਦੀ ਕਾਢ ਕੱਢਣ ਵਾਲੇ ਨੂੰ ਅਸੀਸਾਂ ਵੀ ਦਿੰਦੀਆਂ ਹਨ।

ਭਾਵੇਂ ਇਸ ਦੀ ਦੁਰਵਰਤੋਂ ਨੇ ਸਭ ਦੀ ਸਰੀਰਕ, ਮਾਨਸਿਕ, ਆਰਥਿਕ ਤੇ ਸਮਾਜਿਕ ਅਵਸਥਾ 'ਤੇ ਬੁਰਾ ਪ੍ਰਭਾਵ ਪਾਇਆ ਹੈ। ਸਮਾਰਟ ਫੋਨ ਦੀ ਜ਼ਿਆਦਾ ਵਰਤੋਂ ਕਾਰਨ ਅੱਖਾਂ ਦੀ ਰੋਸ਼ਨੀ ਖ਼ਰਾਬ ਹੋਣਾ ਆਮ ਗੱਲ ਹੈ। ਤੇ ਨੀਂਦ ਵੀ ਪੂਰੀ ਨਹੀਂ ਹੁੰਦੀ ਜਿਸ ਕਾਰਨ ਚਿੜਚਿੜਾਪਣ ਆਉਂਦਾ ਹੈ। ਪਰਿਵਾਰ, ਦੋਸਤਾਂ ਤੇ ਰਿਸ਼ਤੇਦਾਰਾਂ ਨਾਲ ਗੱਲਬਾਤ ਦਾ ਸਿਲਸਿਲਾ ਟੁੱਟਣ ਕਾਰਨ ਰਿਸ਼ਤੇਦਾਰੀਆਂ ਪਹਿਲਾਂ ਨਾਲੋਂ ਸੁੰਗੜ ਗਈਆਂ ਹਨ। ਇਸ ਲਈ ਮੋਬਾਈਲ ਫੋਨ ਦੀ ਮਹੱਤਤਾ ਨੂੰ ਪਛਾਣ ਕੇ ਇਸ ਦੀ ਸੁਚੱਜੀ ਵਰਤੋਂ ਕਰਨੀ ਚਾਹੀਦੀ ਹੈ।




## ਰੋਗਾਂ ਨਾਲ ਲੜਨ ਦੀ ਸ਼ਕਤੀ ਵਧਾਵੇ ਗਲੋਅ

ਜਿਨ੍ਹਾਂ ਲੋਕਾਂ ਦੇ ਸਰੀਰ ਦੀ ਰੋਗਾਂ ਨਾਲ ਲੜਨ ਦੀ ਸ਼ਕਤੀ ਵੱਧ ਹੁੰਦੀ ਹੈ, ਉਨ੍ਹਾਂ ਨੂੰ ਜਲਦੀ ਕੋਈ ਬਿਮਾਰੀ ਜਾਂ ਵਾਇਰਸ ਆਪਣੇ ਜਾਲ 'ਚ ਨਹੀਂ ਫਸਾ ਸਕਦਾ। ਇਹ ਤਦ ਹੀ ਹੋ ਸਕਦਾ ਹੈ, ਜੇ ਅਸੀਂ ਰੋਗਾਂ ਨਾਲ ਲੜਨ ਦੀ ਸ਼ਕਤੀ ਵਧਾਉਣ ਲਈ ਭਾਰਤੀ ਪ੍ਰਣਾਲੀ ਦਾ ਸਹਾਰਾ ਲਵਾਂਗੇ। ਵੈਸੇ ਤਾਂ ਭਾਰਤੀ ਲੋਕਾਂ ਦੀ ਇਹ ਸ਼ਕਤੀ ਦੂਜੇ ਦੇਸ਼ਾਂ ਦੇ ਲੋਕਾਂ ਮੁਕਾਬਲੇ ਬਹੁਤ ਜ਼ਿਆਦਾ ਹੁੰਦੀ ਹੈ ਪਰ ਅਜੋਕੀ ਪੀੜ੍ਹੀ 'ਚ ਘੱਟ ਹੈ ਕਿਉਂਕਿ ਹੁਣ ਲੋਕ ਘਰ ਦਾ ਸੰਤੁਲਿਤ ਖਾਣਾ ਅਤੇ ਭਾਰਤੀ ਜੜ੍ਹੀ-ਬੂਟੀਆਂ ਦਾ ਇਸਤੇਮਾਲ ਨਹੀਂ ਕਰਦੇ ਸਗੋਂ ਬਾਹਰਲੇ ਮੁਲਕਾਂ ਦੇ ਖਾਣੇ ਨੂੰ ਪਸੰਦ ਕਰਦੇ ਹਨ, ਜਿਨ੍ਹਾਂ ਵਿਚ ਭਾਰਤੀ ਮਸਾਲਿਆਂ ਦਾ ਕੋਈ ਰੋਲ ਨਹੀਂ ਹੁੰਦਾ। ਇਹੀ ਕਾਰਨ ਹੈ ਕਿ ਸਾਡੇ ਸਰੀਰ ਦੀ ਰੋਗਾਂ ਨਾਲ ਲੜਨ ਦੀ ਸ਼ਕਤੀ ਦਿਨੋਂ-ਦਿਨ ਘਟਦੀ ਜਾਂਦੀ ਹੈ।

### ਆਯੁਰਵੇਦ 'ਚ ਹੈ ਅੰਮ੍ਰਿਤ

ਸਾਡੇ ਦੇਸ਼ 'ਚ ਗਲੋਅ ਦੀ ਵੇਲ ਆਸ-ਪਾਸ ਆਮ ਹੀ ਵੇਖੀ ਜਾਂਦੀ ਹੈ ਪਰ ਅਸੀਂ ਉਸ ਨੂੰ ਨਾ ਵਰਤ ਕੇ ਬਾਜ਼ਾਰੋਂ ਗਲੋਅ ਦੀਆਂ ਗੋਲੀਆਂ ਜਾਂ ਜੂਸ ਲੈ ਕੇ ਇਸਤੇਮਾਲ ਕਰਦੇ ਹਾਂ। ਜੇ ਅਸੀਂ ਇਸ ਨੂੰ ਤਾਜ਼ਾ ਇਸਤੇਮਾਲ ਕਰਾਂਗੇ ਤਾਂ ਜ਼ਿਆਦਾ ਲਾਭ ਮਿਲ ਸਕਦਾ ਹੈ। ਘਰ 'ਚ ਲੱਗੀ ਗਲੋਅ ਦੀ ਵੇਲ ਜ਼ਿਆਦਾ ਸਸਤੀ ਪੈਂਦੀ ਹੈ। ਇਸ ਨੂੰ ਗਮਲੇ 'ਚ ਵੀ ਲਾ ਸਕਦੇ ਹਾਂ। ਆਯੁਰਵੇਦ 'ਚ ਗਲੋਅ ਨੂੰ ਅੰਮ੍ਰਿਤ ਸਮਝਿਆ ਜਾਂਦਾ ਹੈ। ਇਸ ਦੀ ਵੇਲ ਨੂੰ ਜੇ ਕੱਟ ਕੇ ਘਰ 'ਚ ਰੱਖ ਲਿਆ ਜਾਵੇ ਤਾਂ ਉਹ ਕਈ-ਕਈ ਮਹੀਨੇ ਸੁੱਕਦੀ ਨਹੀਂ। ਜੇ ਗਲੋਅ ਦੀ ਵੇਲ ਨੂੰ ਜੜ੍ਹ ਤੋਂ ਪੱਟ ਦਿੱਤਾ ਜਾਵੇ, ਤਾਂ ਵੀ ਗਲੋਅ ਦੀ ਵੇਲ ਸੁੱਕਦੀ ਨਹੀਂ ਸਗੋਂ ਨਵੇਂ ਤਣੇ ਬਣਾ ਕੇ ਫਿਰ ਤੋਂ ਮਿੱਟੀ 'ਚ ਜਾਣ ਦੀ ਕੋਸ਼ਿਸ਼ ਕਰਦੀ ਹੈ ਤੇ ਮਿੱਟੀ 'ਚ ਜਾਣ ਸਾਰ ਫਿਰ ਤੋਂ ਵੱਡੀ ਹੋਣ ਲੱਗਦੀ ਹੈ। ਇਹੀ ਇਸ ਦਾ ਚਮਤਕਾਰੀ ਗੁਣ ਹੈ।

ਗਲੋਅ ਦਾ ਕਾੜ੍ਹਾ ਬਣਾ ਕੇ ਸਵੇਰੇ ਖ਼ਾਲੀ ਪੇਟ ਪੀਤਾ ਜਾ ਸਕਦਾ ਹੈ। ਕਾੜ੍ਹਾ ਬਣਾਉਣ ਲਈ ਗਲੋਅ ਦੀ ਵੇਲ ਦਾ ਛਿਲਕਾ ਉਤਾਰ ਲਵੋ। ਲਗਭਗ 200 ਗ੍ਰਾਮ ਵੇਲ ਨੂੰ ਕੱਟ ਕੇ ਮਿਕਸੀ 'ਚ ਰਗੜ ਲਵੋ ਜਾਂ ਕੂੰਡੇ 'ਚ ਕੁੱਟ ਲਵੋ। ਕੁੱਟਣ ਤੋਂ ਬਾਅਦ 500 ਮਿਲੀ ਪਾਣੀ 'ਚ ਪਾ ਕੇ ਉਬਾਲ ਲਵੋ। ਜਦੋਂ ਪਾਣੀ ਅੱਧਾ ਰਹਿ ਜਾਵੇ ਤਾਂ ਪੁਣ ਲਵੋ। ਰੋਜ਼ ਸਵੇਰੇ ਖ਼ਾਲੀ ਪੇਟ 4-5 ਚਮਚ ਪੀਓ। ਇਸ ਦੀ ਦਾਤਣ ਵੀ ਕੀਤੀ ਜਾ ਸਕਦੀ ਹੈ।

### ਲਾਭ

- ਰੋਗਾਂ ਨਾਲ ਲੜਨ ਦੀ ਸ਼ਕਤੀ ਵੱਧਦੀ ਹੈ।
- ਡੇਂਗੂ ਰੋਗ 'ਚ ਲਾਭਕਾਰੀ ਹੈ।
- ਵੱਧਦੀ ਉਮਰ 'ਚ ਝੁਰੜੀਆਂ ਨਹੀ ਪੈਂਦੀਆਂ।
- ਹਰ ਤਰ੍ਹਾਂ ਦੇ ਬੁਖ਼ਾਰ ਲਈ ਲਾਭਕਾਰੀ ਹੈ।
- ਪਾਚਨ ਕਿਰਿਆ ਠੀਕ ਹੋ ਜਾਂਦੀ ਹੈ।
- ਸ਼ੂਗਰ ਰੋਗ 'ਚ ਲਾਭਕਾਰੀ ਹੈ।
- ਤਣਾਅ ਘੱਟ ਕਰਦੀ ਹੈ।
- ਸਾਹ ਨਾਲ ਸਬੰਧਿਤ ਰੋਗ ਠੀਕ ਹੁੰਦੇ ਹਨ।
- ਜ਼ੁਕਾਮ, ਖੰਘ ਲਈ ਫ਼ਾਇਦੇਮੰਦ ਹੈ।
- ਜੋੜਾਂ ਦੇ ਦਰਦਾਂ 'ਚ ਲਾਭਕਾਰੀ ਹੈ।
- ਚਮੜੀ ਦੇ ਰੋਗ ਠੀਕ ਹੋ ਜਾਂਦੇ ਹਨ।
- ਮੋਟਾਪਾ ਘਟਾਉਣ ਵਿਚ ਮਦਦ ਕਰਦੀ ਹੈ।


THANK YOU FOR MAKING US
2022
Outstanding Achievement
National
TOP 20%
PRIVATE
MORTGAGES
No Worries... We Can Help!
Easily available Private Mortgage
could be just what you need.
★ Up to $5 million available
★ $10,000 to $1 million in just 24 Hours
★ Residential Mortgages
★ Commercial Mortgages
★ Construction Mortgages
★ New Immigrants
★ Second Mortgages
★ First Time Home Buyers
invis
Canada's Mortgage Experts™
MORTGAGE INTELLIGENCE®
Call today to get started
SANJEEV KATYAL
604.767.5194
info@katyalmortgage.ca
WWW.KATYALMORTGAGE.CA

# ਬੁਢਾਪੇ ਨੂੰ ਜੁਆਨੀ ਵਾਂਗ ਜੀਓ

ਆਮ ਤੌਰ 'ਤੇ ਜੀਵਨ ਨੂੰ ਚਾਰ ਪੜਾਵਾਂ ਵਿੱਚ ਵੰਡਿਆ ਜਾਂਦਾ ਹੈ: ਬਚਪਨ, ਜੁਆਨੀ, ਅੱਧਖੜ ਉਮਰ ਤੇ ਬੁਢਾਪਾ। ਪਹਿਲੇ ਦੋ ਪੜਾਵਾਂ ਦਾ ਤਾਂ ਪਤਾ ਹੀ ਨਹੀਂ ਲੱਗਦਾ ਕਦੋਂ ਆਏ ਤੇ ਕਦੋਂ ਬੀਤ ਗਏ, ਜੁਆਨੀ ਬਾਰੇ ਤਾਂ ਲਿਖਿਆ ਗਿਆ ਹੈ-

ਆਈ ਜੁਆਨੀ ਝਲ ਮਸਤਾਨੀ, ਨਹੀਂ ਲੁਕਾਇਆਂ ਲੁਕਦੀ
ਗਿੱਠ ਗਿੱਠ ਪੈਰ ਜ਼ਿਮੀਂ ਹੋ ਉੱਚੇ, ਮੋਢਿਆਂ ਉਤੋਂ ਥੁੱਕਦੀ।

ਪਰ ਜਦੋਂ ਮਨੁੱਖ ਅੱਧਖੜ ਉਮਰ ਵਿੱਚ ਕਦਮ ਰੱਖਦਾ ਹੈ ਤਾਂ ਜ਼ਿੰਮੇਵਾਰੀਆਂ ਦਾ ਭਾਰ ਦਿਨੋਂ ਦਿਨ ਵਧਦਾ ਜਾਂਦਾ ਹੈ, ਖਾਸ ਕਰਕੇ ਬੱਚਿਆਂ ਦੇ ਵਿਆਹ ਕਰਨੇ ਤੇ ਕੰਮ-ਕਾਰ ਸੈੱਟ ਕਰਨੇ ਆਦਿ। ਸਾਰਾ ਧਿਆਨ ਪਰਿਵਾਰ ਵੱਲ ਕੇਂਦਰਿਤ ਹੋ ਜਾਂਦਾ ਹੈ। ਆਪਣੇ ਵਾਸਤੇ ਸ਼ਾਇਦ ਹੀ ਸਮਾਂ ਮਿਲਦਾ ਹੋਵੇ। ਸਹੀ ਮਾਅਨਿਆਂ ਵਿੱਚ ਆਪਣੀ ਜ਼ਿੰਦਗੀ ਸ਼ੁਰੂ ਹੀ ਉਦੋਂ ਹੁੰਦੀ ਹੈ ਜਦੋਂ ਆਪਣੇ ਬਾਰੇ ਸੋਚਣ ਦੀ ਲੋੜ ਪੈ ਜਾਂਦੀ ਹੈ। ਆਮ ਵੇਖਣ ਵਿੱਚ ਆਇਆ ਹੈ ਕਿ ਬਹੁਤ ਸਾਰੇ ਲੋਕ ਇਸ ਅਵਸਥਾ ਵਿੱਚ ਸਿਹਤ ਤੇ ਸੁਰੱਖਿਆ ਦੇ ਪੱਖ ਤੋਂ ਉਦਾਸ ਹੋ ਜਾਂਦੇ ਹਨ। ਅਸਲ ਵਿੱਚ ਪਰਿਵਰਤਨ ਪ੍ਰਕਿਰਤੀ ਦਾ ਨਿਯਮ ਹੈ ਅਤੇ ਜਦੋਂ ਮਨੁੱਖ ਦੇ ਜੀਵਨ ਵਿੱਚ, ਉਮਰ ਵਿੱਚ ਤਬਦੀਲੀ ਆਉਂਦੀ ਹੈ ਤਾਂ ਮਾਨਸਿਕ ਤੌਰ 'ਤੇ ਉਦਾਸੀ ਦਾ ਸ਼ਿਕਾਰ ਹੋ ਜਾਂਦੇ ਹਨ। ਸਲਾਹ-ਮਸ਼ਵਰੇ ਤੇ ਫ਼ੈਸਲੇ ਲੈਣ ਪੱਖੋਂ ਉਨ੍ਹਾਂ ਦੀ ਓਨੀ ਮਹੱਤਤਾ ਨਹੀਂ ਰਹਿੰਦੀ ਜਿੰਨੇ ਬੱਚਿਆਂ ਦੇ ਵਿਚਾਰ ਹਾਵੀ ਹੋ ਜਾਂਦੇ ਹਨ ਤੇ ਉਹ ਸਮਝਦੇ ਹਨ ਕਿ ਉਨ੍ਹਾਂ ਨੂੰ ਫ਼ੈਸਲੇ ਲੈਣ ਦਾ ਆਪਣਾ ਹੱਕ ਹੈ। ਪਰ ਅਜਿਹੀਆਂ ਪ੍ਰਸਥਿਤੀਆਂ ਨੂੰ ਬਹੁਤੀ ਗੰਭੀਰਤਾ ਨਾਲ ਨਾ ਲੈ ਕੇ ਜੀਵਨ ਦੇ ਬੁਨਿਆਦੀ ਨਿਯਮਾਂ ਵਜੋਂ ਸਮਝ ਕੇ ਅਪਣਾਈਏ ਤਾਂ ਬਹੁਤੀ ਸਮੱਸਿਆ ਨਹੀਂ ਆਉਂਦੀ। ਇਸ ਸਬੰਧੀ ਕੁਝ ਬੁਨਿਆਦੀ ਨੁਕਤੇ ਹਨ ਜਿਨ੍ਹਾਂ ਉੱਤੇ ਅਮਲ ਕਰਕੇ ਖੁਸ਼ਨੁਮਾ ਜੀਵਨ ਬਤੀਤ ਕੀਤਾ ਜਾ ਸਕਦਾ ਹੈ। ਆਪਣੇ ਆਪ ਨੂੰ ਚੜ੍ਹਦੀਆਂ ਕਲਾ ਵਿੱਚ ਰੱਖੋ ਤੇ ਕਦੇ ਇਹ ਨਾ ਕਹੋ ਕਿ ਮੈਂ ਬੁੱਢਾ ਹੋ ਗਿਆ ਹਾਂ। ਅਜਿਹੀ ਵਿਚਾਰਧਾਰਾ ਜਨਮ ਮਿਤੀ, ਸਿਹਤ ਅਤੇ ਸੋਚ ਕੇ ਅਸੀਂ ਆਪਣੇ ਆਪ ਨੂੰ ਕਿਉਂ ਬੁੱਢਾ ਮਹਿਸੂਸ ਕਰਦੇ ਹਾਂ, ਉੱਤੇ ਆਧਾਰਿਤ ਹੁੰਦੀ ਹੈ। ਜਨਮ ਮਿਤੀ ਤਾਂ ਅਟੱਲ ਸਚਾਈ ਹੈ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ, ਪਰ ਸਿਹਤ ਦੀ ਸੰਭਾਲ ਜ਼ਰੂਰ ਕਰ ਸਕਦੇ ਹਾਂ- ਕਸਰਤ ਕਰਕੇ, ਸਹੀ ਸੰਤੁਲਤ ਖੁਰਾਕ ਖਾ ਕੇ ਤੇ ਖੁਸ਼ ਰਹਿ ਕੇ। ਤੀਸਰਾ ਜੇ ਸਾਡੀ ਸੋਚ ਸਕਾਰਾਤਮਕ ਹੋਵੇਗੀ, ਆਸ਼ਾਵਾਦੀ ਨਜ਼ਰੀਆ ਤੇ ਖੁਸ਼ਨੁਮਾ ਦ੍ਰਿਸ਼ਟੀਕੋਣ ਹੋਵੇਗਾ ਤਾਂ ਬੁਢਾਪੇ ਨੂੰ ਜੁਆਨੀ ਵਾਂਗ ਜਿਊਣ ਦਾ ਅਹਿਸਾਸ ਵੀ ਹੋਵੇਗਾ। ਆਮ ਕਿਹਾ ਜਾਂਦਾ ਹੈ ਕਿ ਸਿਹਤ ਹੀ ਧਨ-ਦੌਲਤ ਹੈ ਅਤੇ ਜੇ ਅਸੀਂ ਸੱਚਮੁੱਚ ਆਪਣੇ ਪਰਿਵਾਰ ਤੇ ਰਿਸ਼ਤੇਦਾਰਾਂ ਨੂੰ ਪਿਆਰ ਕਰਦੇ ਹਾਂ ਤਾਂ ਪਹਿਲ ਦੇ ਆਧਾਰ 'ਤੇ ਇਸ ਦੌਲਤ ਨੂੰ ਸੰਭਾਲ ਕੇ ਰੱਖਣਾ ਜ਼ਰੂਰੀ ਹੈ ਤਾਂ ਕਿ ਕਿਸੇ ਉੱਤੇ ਵੀ ਬੋਝ ਨਾ ਬਣੀਏ ਕਿਉਂਕਿ ਅੱਜ ਕਿਸੇ ਕੋਲ ਵੀ ਬਹੁਤਾ ਸਮਾਂ ਨਹੀਂ ਜੋ ਪੂਰਾ ਸਮਾਂ ਦੇ ਕੇ ਬਜ਼ੁਰਗਾਂ ਦੀ ਦੇਖ-ਭਾਲ ਕਰ ਸਕੇ। ਇਸ ਲਈ ਜ਼ਰੂਰੀ ਹੈ ਕਿ ਸਾਲਾਨਾ ਸਿਹਤ ਚੈਕਅੱਪ ਕਰਵਾਇਆ ਜਾਏ, ਵਕਤ ਸਿਰ ਦਵਾਈ ਲਈ ਜਾਵੇ ਤੇ ਸਿਹਤ ਦਾ ਬੀਮਾ ਕਰਵਾਇਆ ਜਾਏ, ਜੋ ਬਹੁਤ ਜ਼ਰੂਰੀ ਹੈ। ਜੀਵਨ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਲਈ ਪੈਸੇ ਦੀ ਵੀ ਲੋੜ ਹੁੰਦੀ ਹੈ ਤਾਂ ਕਿ ਸੁਚੱਜਾ ਜੀਵਨ ਬਤੀਤ ਕੀਤਾ ਜਾ ਸਕੇ। ਵੱਡੀ ਗੱਲ ਇਹ ਵੀ ਹੈ ਕਿ ਚਾਰ ਪੈਸੇ ਪੱਲੇ ਹੋਣਗੇ ਤਾਂ ਆਦਰ-ਮਾਣ ਵੀ ਬਣਿਆ ਰਹੇਗਾ। ਮਾਪੇ ਸਾਰੀ ਉਮਰ ਬੱਚਿਆਂ ਦੀ ਖਾਤਰ ਸਭ ਕੁਝ ਦਾਅ 'ਤੇ ਲਾ ਦਿੰਦੇ ਹਨ ਤੇ ਜਦੋਂ ਆਪਣੀ ਵਾਰੀ ਆਉਂਦੀ ਹੈ ਤਾਂ ਮੁਥਾਜ ਹੋ ਜਾਂਦੇ ਹਨ। ਇਸ ਪੱਖ ਨੂੰ ਧਿਆਨ ਵਿੱਚ ਰੱਖਿਆ ਜਾਏ ਕਿ ਪਹਿਲਾਂ ਤੋਂ ਹੀ ਚਾਦਰ ਵੇਖ ਕੇ ਪੈਰ ਪਸਾਰੇ ਜਾਣ ਅਤੇ ਬੱਚੇ ਭਾਵੇਂ ਕਿੰਨੇ ਵੀ ਚੰਗੇ ਕਿਉਂ ਨਾ ਹੋਣ, ਪਰ ਥੋੜ੍ਹਾ ਬਹੁਤਾ ਪੈਸਾ ਆਪਣੇ ਭਵਿੱਖ ਵਾਸਤੇ ਜ਼ਰੂਰ ਬਚਾਅ ਕੇ ਰੱਖੋ। ਆਪ ਮੀਆਂ ਬੀਵੀ ਆਪਣਾ ਵਧੀਆ ਜੀਵਨ ਬਿਤਾਓ, ਘੁੰਮੋ-ਫਿਰੋ, ਯਾਤਰਾ 'ਤੇ ਜਾਓ ਤੇ ਮਨਮਰਜ਼ੀ ਨਾਲ ਜੀਓ। ਧਾਰਮਿਕ ਮਨੋਬਿਰਤੀ ਵੀ ਮਨੁੱਖ ਦੇ ਮਨੋਰੰਜਨ ਤੇ ਮਨ ਨੂੰ ਸਕੂਨ ਦੇਣ ਦਾ ਵਧੀਆ ਸਾਧਨ ਸਾਬਤ ਹੁੰਦੀ ਹੈ। ਚੰਗੀ ਡੂੰਘੀ ਨੀਂਦ ਲੈਣੀ, ਗੀਤ-ਸੰਗੀਤ ਸੁਣਨਾ, ਖੁੱਲ੍ਹ ਕੇ ਹੱਸਣਾ, ਵਧੀਆ ਸੰਗੀਤ ਸੁਣਨ ਦੇ ਨਾਲ-ਨਾਲ ਖੁੱਲ੍ਹ ਕੇ ਨੱਚਣਾ ਤੇ ਹੱਸਣਾ ਅਤੇ ਖ਼ੁਦਾ ਵਿੱਚ ਵਿਸ਼ਵਾਸ ਰੱਖਣਾ, ਸੁਭਾਅ ਵਿੱਚ ਚੜ੍ਹਦੀ ਕਲਾ ਦੀਆਂ ਨਿਸ਼ਾਨੀਆਂ ਹਨ। ਜਦੋਂ ਪਾਠ-ਪੂਜਾ ਕਰਦੇ ਤੇ ਭਜਨ-ਕੀਰਤਨ ਇੱਕ ਮਨ ਇੱਕ ਚਿੱਤ ਹੋ ਕੇ ਸੁਣਦੇ ਹਾਂ ਤਾਂ ਸਰੀਰ ਤੇ ਮਨ ਦੋਵੇਂ ਸ਼ਾਂਤ ਅਵਸਥਾ ਵਿੱਚ ਹੁੰਦੇ ਹਨ। ਪਰ ਇਸ ਦੇ ਨਾਲ ਜ਼ਰੂਰੀ ਹੈ ਸਮੇਂ ਦੀ ਲਗਾਮ ਆਪਣੇ ਹੱਥ ਵਿੱਚ ਰੱਖੋ, ਸਮਾਂ ਅਨਮੋਲ ਹੈ, ਅਜਾਈਂ ਨਾ ਗੁਆਓ। ਜਦੋਂ ਤਕ ਸਮੇਂ ਦੀ ਕਦਰ ਕਰਦੇ ਹਾਂ ਇਹ ਸਾਡੇ ਕੰਟਰੋਲ ਵਿੱਚ ਹੁੰਦਾ ਹੈ, ਸੋ ਹਰ ਪਲ ਸਮੇਂ ਦੇ ਨਾਲ-ਨਾਲ ਕਦਮ ਮਿਲਾ ਕੇ ਚਲੋ ਤੇ ਇਜ ਸਮਝੋ ਜਿਵੇਂ ਹਰ ਰੋਜ਼ ਤੁਹਾਡਾ ਨਵਾਂ ਜਨਮ ਹੋ ਰਿਹਾ ਹੈ, ਹਰ ਚੜ੍ਹਦੇ ਦਿਨ ਨੂੰ 'ਜੀ ਆਇਆਂ' ਮੁਸਕਰਾ ਕੇ ਕਹੋ, ਚੜ੍ਹਦੇ ਸੂਰਜ ਨੂੰ ਸਲਾਮ ਕਰੋ ਤੇ ਢਲਦੇ ਦਾ ਸ਼ੁਕਰੀਆ ਅਦਾ ਕਰੋ। ਸਮੇਂ ਦਾ ਚੱਕਰ ਹੀ ਹੈ ਜੋ ਸੂਰਜ ਨਿੱਤ ਚੜ੍ਹਦਾ ਤੇ ਢਲਦਾ ਹੈ। ਅੱਜ ਨੂੰ ਕੈਸ਼ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰੋ। ਇਸ ਅੱਜ ਦੇ ਪਲ ਨੂੰ ਮਾਣੋ, ਭਰਪੂਰ ਢੰਗ ਨਾਲ ਜੀਓ ਜਾਂ ਦੂਸਰੇ ਸ਼ਬਦਾਂ ਵਿੱਚ ਵਰਤਮਾਨ ਵਿੱਚ ਵਿਚਰੋ, ਇਹ ਮੁੜ ਨਹੀਂ ਆਉਣਾ। ਜੀਵਨ ਵਿੱਚ ਪਰਿਵਰਤਨ ਇੱਕ ਅਟੱਲ ਸਚਾਈ ਹੈ, ਇਸ ਤੱਥ ਨੂੰ ਸਵੀਕਾਰ ਕਰੋ। ਇਹ ਅਟੱਲ ਸਚਾਈ ਪਰਿਵਰਤਨ ਨੂੰ ਸਵੀਕਾਰ ਕਰਨ ਦਾ ਵਧੀਆ ਢੰਗ ਹੈ। ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਤੇ ਪਰਿਵਾਰ ਦੀ ਖੁਸ਼ੀ ਵਿੱਚ ਸ਼ਾਮਲ ਹੋ ਕੇ ਖ਼ੁਸ਼ੀ ਮਨਾਓ, ਨੱਚੋ-ਟੱਪੋ ਨਾ ਕਿ ਬੀਤੇ ਸਮੇਂ ਨੂੰ ਯਾਦ ਕਰਕੇ ਝੂਰੋ। ਇਹ ਸੋਚੋ ਕਿ ਸਾਡੇ ਆਲੇ-ਦੁਆਲੇ ਪਰਿਵਾਰ ਖੁਸ਼ ਹੈ, ਬੱਚੇ ਨੇਕ ਹਨ, ਮਾਹੌਲ ਖੁਸ਼ਗਵਾਰ ਹੈ, ਇਸ ਨਾਲ ਮਨ ਨੂੰ ਸ਼ਾਂਤੀ, ਖੁਸ਼ੀ ਤੇ ਤਸੱਲੀ ਮਿਲੇਗੀ। ਹਰ ਮਨੁੱਖ ਬੁਨਿਆਦੀ ਤੌਰ 'ਤੇ ਸਵਾਰਥੀ ਹੁੰਦਾ ਹੈ ਕੁਝ ਚੰਗਾ ਕਰਕੇ ਬਦਲੇ ਵਿੱਚ ਕੁਝ ਚਾਹੁੰਦਾ ਹੈ, ਪਰ ਇਹ ਸਵਾਰਥੀਪੁਣਾ ਗਿਆਨਵਰਧਕ ਹੋਣਾ ਚਾਹੀਦਾ ਹੈ। ਨਾਂਹ-ਵਾਦੀ ਨਹੀਂ। ਚਾਹੀਦਾ ਇਹ ਹੈ ਕਿ ਜੋ ਸਾਡਾ ਸਾਥ ਦੇ ਰਹੇ ਹਨ, ਭਲਾ ਕਰ ਰਹੇ ਹਨ, ਖੁਸ਼ੀ ਦੇ ਰਹੇ ਹਨ ਉਨ੍ਹਾਂ ਦਾ ਧੰਨਵਾਦ ਕਰੀਏ। ਸਾਡੀ ਸੋਚ ਅੰਦਰੂਨੀ ਸੰਤੁਸ਼ਟੀ ਤੇ ਖ਼ੁਸ਼ੀ ਉੱਤੇ ਕੇਂਦਰਿਤ ਹੋਣੀ ਚਾਹੀਦੀ ਹੈ ਜੋ ਦੂਸਰਿਆਂ ਦੀ ਭਲਾਈ ਕਰਕੇ ਤੇ ਖ਼ੁਸ਼ੀ ਦੇ ਕੇ ਮਿਲਦੀ ਹੈ, ਪਰ ਬਦਲੇ ਵਿੱਚ ਕੋਈ ਵੱਡੀ ਆਸ ਨਾ ਰੱਖੋ। ਬਸ ਇੱਕ ਮੁਸਕਾਨ ਦੀ ਝਲਕ ਕਾਫ਼ੀ ਹੈ। ਨਿੱਤ ਕਰਮ ਹੋਵੇ ਕਿ ਕੁਝ ਨਾ ਕੁਝ ਚੰਗਾ ਕਰਦੇ ਰਹੋ, ਕਿਸੇ ਦਾ ਭਲਾ ਕਰੋ, ਕਿਸੇ ਨੂੰ ਖੁਸ਼ੀ ਦਿਓ, ਕਿਸੇ ਨੂੰ ਸਕੂਨ। ਦੂਸਰਿਆਂ ਦੀਆਂ ਗ਼ਲਤੀਆਂ ਵੱਲ ਧਿਆਨ ਨਾ ਦਿਓ, ਬਸ ਇੰਨਾ ਯਾਦ ਰੱਖੋ ਕਿ ਅਸੀਂ ਇੰਨੇ ਮਹਾਨ ਵੀ ਨਹੀਂ ਕਿ ਇੱਕ ਗੱਲ੍ਹ 'ਤੇ ਚਪੇੜ ਖਾ ਕੇ ਦੂਸਰੀ ਅੱਗੇ ਕਰ ਦੇਈਏ। ਆਪਣੀ ਸਿਹਤ, ਖੁਸ਼ੀ ਤੇ ਸਕੂਨ ਦੀ ਖਾਤਰ ਜੋ ਹੋਇਆ ਭੁੱਲ ਜਾਓ ਤੇ ਦੂਸਰੇ ਨੂੰ ਮੁਆਫ਼ ਕਰ ਦਿਓ ਨਹੀਂ ਤਾਂ ਆਪਣਾ ਬੀ.ਪੀ. ਵਧੇਗਾ, ਤਣਾਅ ਵਧੇਗਾ। ਜ਼ਿੰਦਗੀ ਦਾ ਕੋਈ ਮਕਸਦ ਹੁੰਦਾ ਹੈ, ਜੀਵਨ ਜਿਵੇਂ ਹੈ, ਉਸ ਨੂੰ ਚੱਲਣ ਦਿਓ; ਜਿਵੇਂ ਤੇ ਜਿਹੋ ਜਿਹੇ ਵੀ ਤੁਸੀਂ ਹੋ, ਠੀਕ ਹੋ ਅਤੇ ਦੂਸਰੇ ਜਿਹੋ ਜਿਹੇ ਹਨ, ਉਨ੍ਹਾਂ ਨੂੰ ਉਸ ਮੁਤਾਬਕ ਚਲਣ ਦਿਓ, ਹਰ ਕੋਈ ਵਿਲੱਖਣ ਹੈ, ਆਪਣੀ ਜਗ੍ਹਾ ਠੀਕ ਹੈ। ਦੂਸਰਿਆਂ ਨੂੰ ਸੁਧਾਰਨ ਦੀ ਬਜਾਏ ਆਪਣੇ ਵੱਲ ਧਿਆਨ ਦਿਓ। ਜੀਵਨ ਦਾ ਜੇ ਆਦਿ ਹੈ ਤਾਂ ਅੰਤ ਵੀ ਹੈ, ਇਸ ਸਚਾਈ ਤੋਂ ਮੂੰਹ ਨਾ ਮੋੜੋ। ਮੌਤ ਨੇ ਇੱਕ ਦਿਨ ਆਉਣਾ ਹੈ। ਜੇ ਮੌਤ ਤੋਂ ਹਰ ਵੇਲੇ ਡਰਦੇ ਰਹਾਂਗੇ ਤਾਂ ਰੋਜ਼ ਮਰਨ ਵਾਲੀ ਗੱਲ ਹੈ। ਬਿਹਤਰ ਹੈ ਜਿਹੜਾ ਦਿਨ ਚੜ੍ਹਿਆ ਹੈ, ਉਸ ਨੂੰ ਹੱਸ ਕੇ 'ਜੀ ਆਇਆਂ' ਕਹੀਏ, ਕੱਲ੍ਹ ਦਾ ਕੋਈ ਪਤਾ ਨਹੀਂ। ਬਸ ਤੁਸੀਂ ਆਪਣਾ ਜੀਵਨ ਜੀਓ! ਉਤਸ਼ਾਹ ਨਾਲ, ਹੌਸਲੇ ਨਾਲ ਚੜ੍ਹਦੀ ਕਲਾ ਵਿੱਚ ਰਹੋ ਤੇ ਅੱਧਖੜ ਉਮਰ ਜਾਂ ਬੁਢਾਪੇ ਨੂੰ ਜੁਆਨੀ ਵਾਂਗ ਜੀਓ, ਇਹੀ ਸਫਲ ਜੀਵਨ ਦਾ ਅਸਲੀ ਰਾਜ ਹੈ।-ਡਾ. ਜਗਦੀਸ਼ ਕੌਰ ਵਾਡੀਆ

> ਅੱਜ ਨੂੰ ਕੈਸ਼ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰੋ। ਇਸ ਅੱਜ ਦੇ ਪਲ ਨੂੰ ਮਾਣੋ, ਭਰਪੂਰ ਢੰਗ ਨਾਲ ਜੀਓ ਜਾਂ ਦੂਸਰੇ ਸ਼ਬਦਾਂ ਵਿੱਚ ਵਰਤਮਾਨ ਵਿੱਚ ਵਿਚਰੋ, ਇਹ ਮੁੜ ਨਹੀਂ ਆਉਣਾ। ਜੀਵਨ ਵਿੱਚ ਪਰਿਵਰਤਨ ਇੱਕ ਅਟੱਲ ਸਚਾਈ ਹੈ, ਇਸ ਤੱਥ ਨੂੰ ਸਵੀਕਾਰ ਕਰੋ। ਇਹ ਅਟੱਲ ਸਚਾਈ ਪਰਿਵਰਤਨ ਨੂੰ ਸਵੀਕਾਰ ਕਰਨ ਦਾ ਵਧੀਆ ਢੰਗ ਹੈ। ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਤੇ ਪਰਿਵਾਰ ਦੀ ਖੁਸ਼ੀ ਵਿੱਚ ਸ਼ਾਮਲ ਹੋ ਕੇ ਖ਼ੁਸ਼ੀ ਮਨਾਓ, ਨੱਚੋ-ਟੱਪੋ ਨਾ ਕਿ ਬੀਤੇ ਸਮੇਂ ਨੂੰ ਯਾਦ ਕਰਕੇ ਝੂਰੋ।





## ਸ਼ੋਰ ਸਾਈਡ ਫਿਸ਼ ਕੈਨਰੀ



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

Gold Key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

TEL : 604 502 0441

ICBC Online and Delivery available.

ਪੰਜਾਬੀ
हिंदी

| | | | |
|---|---|---|---|
| SURREY<br>(604) 502 - 0441<br>FAX (604) 502-0417 | 5-8430 128TH ST.<br>SURREY, BC<br>V3W 4G3 | MON-FRI<br>SATURDAY<br>SUNDAY | 8 AM - 8 PM<br>9 AM - 6 PM<br>9 AM - 5 PM |
| VANCOUVER<br>(604) 325 - 1241<br>FAX (604) 325-1414 | 4038 KNIGHT ST.<br>VANCOUVER, BC<br>V5N 5Y7 | MON-FRI<br>SATURDAY<br>SUNDAY | 9 AM - 8 PM<br>9 AM - 5 PM<br>9 AM - 5 PM |

ICBC autoplan

OPEN 7 DAYS

www.goldkeyinsurance.ca


Biggest Tent Sale In Town!
Our Retail Prices Are Lower Than Those of Cash & Carry Wholesale Prices
fruiticana hee jaana!
Canada's largest Diwas selections and displays ALL AT VERY LOW PRICES!
LOWEST PRICES IN TOWN
UNBEATABLE EXTRA SUPER SPECIAL
Mustard Oil 1L (Indican)
ਇੰਡੀਕੇਨ ਸਰ੍ਹੋਂ ਦਾ ਤੇਲ
$3.99 bottle
EXTRA SUPER SUPER SPECIAL
Jumbo Cauliflower
ਵੱਡਾ ਗੋਬੀ ਦਾ ਫੁੱਲ
$2.99 ea.
Gala Apples BC
ਗਾਲਾ ਸੇਬ ਬੀਸੀ
79¢ lb
SUPER SUPER SPECIAL
Long English Cucumbers
ਲੰਬੇ ਇੰਗਲਿਸ਼ ਖੀਰੇ
2 for $1.50
SUPER SPECIAL
Cilantro
ਧਣੀਆ
2 bunches for 99¢
Chickpeas
ਚਿੱਟੇ ਛੋਲੇ
99¢ lb
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.98 bag
SUPER SPECIAL
Yellow Onions 50 lbs
ਪੀਲੇ ਗੰਢੇ
$12.99 bag
SUPER SPECIAL
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
88¢ lb
Red Lentil Whole
ਮਸਰਾ ਦੀ ਸਾਬਤ ਦਾਲ
78¢ lb
Zucchini Squash
ਜ਼ੁਕੀਨੀ ਸਕੁਐਸ਼
78¢ lb
SUPER SPECIAL
Indican Tea 216's
ਇੰਡੀਕਨ ਚਾਹ
$4.99 box
SUPER SPECIAL
Spinach
ਪਾਲਕ
99¢ bunch
Gur Plain & Masala 2 lbs Shell
ਪੇਸ਼ੀ ਅਤੇ ਮਸਾਲਾ ਗੁੜ
$2.99 pkg.
Peeled Garlic 5 lbs jar
ਛਿਲਿਆ ਹੋਇਆ ਲਸਣ
$8.99 jar
Sher or Heer Chana Flour (Besan) 4lbs
ਸ਼ੇਰ ਅਤੇ ਹੀਰ ਚਨਾ ਆਟਾ (ਬੇਸਨ)
$3.98 bag
Red, Yellow & Orange Peppers BC
ਸ਼ਿਮਲਾ ਮਿਰਚਾਂ (ਲਾਲ,ਪੀਲੀਆਂ ਅਤੇ ਸੰਤਰੀ) ਬੀਸੀ
99¢ lb
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
Red Lentil Split
ਧੋਤੀ ਮਸਰਾਂ ਦੀ ਦਾਲ
88¢ lb
Roma Tomatoes
ਰੋਮਾ ਟਮਾਟਰ
$1.49 lb
Rapini (Sarson da Saag)
ਸਰਸੋਂ ਦਾ ਸਾਗ
$2.88 bunch
Daikon (Moli)
ਮੂਲੀ
99¢ lb
Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ
(ਇੰਡੀਕੇਨ)
$3.98 bag
Thur Nov 02, 2023 - Wed Nov 08, 2023
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS
9AM - 8PM
7 DAYS A WEEK
Newton 13783 72nd Ave. Surrey 604-590-2080
Newton 13174 64th Ave. Surrey 604-598-9220
Scott Road 12047 80th Ave. Surrey 604-591-5032
Scott Road 104-7028 120th St. 604-590-8864
Cedar Hills 12867 96th Ave. Surrey 604-588-6620
Fleetwood 101-15933 Fraser Hwy 604-593-5163
Fleetwood 15230 84 Ave. 236-317-6272
Surrey 12990 72nd Ave. 604-503-5510
Surrey 12788 76A Ave. Surrey 604-597-1676
Surrey 16788 64 Ave. 604-372-2023
Surrey 101-7228 192St. 604-575-3750
New Westminster 101-331 6th St. 604-395-3595
Abbotsford 2785 Bourquin Crescent W. 604-744-0328
Abbotsford 31205 Maclure Rd. 604-504-5877
Port Coquitlam 2807 Shaughnessy St. 604-464-0822
Vancouver 6257 Fraser St. 604-321-9931
Richmond 4101 No.5 Rd. 604-244-9520